Australian Government

Department of Home Affairs

# ਆਸਟ੍ਰੇਲੀਆ ਵਿੱਚ ਵਿਦੇਸ਼ੀ ਦਖ਼ਲ ਦਾ ਟਾਕਰਾ ਕਰਨਾ

ਆਸਟ੍ਰੇਲੀਆ ਨੂੰ ਵਧੇਰੇ ਸੁਰੱਖਿਅਤ ਬਣਾਉਣ ਵੱਲ ਮਿਲਕੇ ਕੰਮ ਕਰਨਾ



© ਆਸਟ੍ਰੇਲੀਆਈ ਸਰਕਾਰ 2024

ਸਰਕਾਰ ਦੇ ਕੋਟ ਆਫ ਆਰਮਜ਼ ਤੋਂ ਇਲਾਵਾ, ਇਸ ਪ੍ਰਕਾਸ਼ਨ ਵਿੱਚ ਪੇਸ਼ ਕੀਤੀ ਗਈ ਸਾਰੀ ਸਮੱਗਰੀ ਕਰੀਏਟਿਵ ਕਾਮਨਜ਼ ਐਟ੍ਰਿਬਿਊਸ਼ਨ 4.0 ਇੰਟਰਨੈਸ਼ਨਲ ਲਾਇਸੈਂਸ ਦੇ ਅਧੀਨ ਪ੍ਰਦਾਨ ਕੀਤੀ ਗਈ ਹੈ, ਜਿਸ ਨੂੰ https://creativecommons.org/licenses/by/4.0/legalcode 'ਤੇ ਪੜ੍ਹਿਆ ਜਾ ਸਕਦਾ ਹੈ।

ਇਸਦਾ ਮਤਲਬ ਹੈ ਕਿ ਇਹ ਲਾਇਸੈਂਸ ਸਿਰਫ਼ ਇਸ ਦਸਤਾਵੇਜ਼ ਵਿੱਚ ਦਰਸਾਈ ਗਈ ਸਮੱਗਰੀ 'ਤੇ ਲਾਗੂ ਹੁੰਦਾ ਹੈ।

ਸੰਬੰਧਿਤ ਲਾਇਸੈਂਸ ਸ਼ਰਤਾਂ ਦੇ ਵੇਰਵੇ ਕਰੀਏਟਿਵ ਕਾਮਨਜ਼ ਵੈੱਬਸਾਈਟ https://creativecommons.org 'ਤੇ ਉਪਲਬਧ ਹਨ, ਜਿਵੇਂ ਕਿ CC BY 4.0 ਲਾਇਸੈਂਸ ਦਾ ਸੰਪੂਰਨ ਕਾਨੂੰਨੀ ਕੋਡ https://creativecommons.org/licenses/by/4.0/legalcode 'ਤੇ ਉਪਲਬਧ ਹੈ।

### ਕੋਟ ਆਫ਼ ਆਰਮਜ਼ ਦੀ ਵਰਤੋਂ

ਉਹ ਸ਼ਰਤਾਂ ਜਿਨ੍ਹਾਂ ਦੇ ਤਹਿਤ ਕੋਟ ਆਫ਼ ਆਰਮਜ਼ ਦੀ ਵਰਤੋਂ ਕੀਤੀ ਜਾ ਸਕਦੀ ਹੈ, ਪ੍ਰਧਾਨ ਮੰਤਰੀ ਦੇ ਵਿਭਾਗ ਅਤੇ ਕੈਬਨਿਟ ਦੀ ਵੈੱਬਸਾਈਟ https://www.pmc.gov.au/government/commonwealth-coat-arms 'ਤੇ ਵੇਰਵੇ ਸਹਿਤ ਦਿੱਤੀਆਂ ਗਈਆਂ ਹਨ।

### ਸਾਡੇ ਨਾਲ ਸੰਪਰਕ ਕਰੋ

ਲਾਇਸੈਂਸ ਅਤੇ ਇਸ ਦਸਤਾਵੇਜ਼ ਦੀ ਕਿਸੇ ਵੀ ਵਰਤੋਂ ਸੰਬੰਧੀ ਪੁੱਛਗਿੱਛ ਲਈ ਸਾਡੇ ਨਾਲ ਇੱਥੇ ਸੰਪਰਕ ਕੀਤਾ ਜਾ ਸਕਦਾ ਹੈ:

Department of Home Affairs
PO Box 25
BELCONNEN ACT 2616

# ਵਿਦੇਸ਼ੀ ਦਖ਼ਲ ਸਾਡੀ ਜੀਵਨ ਸ਼ੈਲੀ ਲਈ ਇੱਕ ਖ਼ਤਰਾ ਹੈ।

ਜਾਸੂਸੀ ਅਤੇ ਵਿਦੇਸ਼ੀ ਦਖ਼ਲ ਆਸਟ੍ਰੇਲੀਆ ਦੀ ਪ੍ਰਭੂਸੱਤਾ, ਲੋਕਤੰਤਰ, ਕਦਰਾਂ-ਕੀਮਤਾਂ ਅਤੇ ਰਾਸ਼ਟਰੀ ਹਿੱਤਾਂ ਲਈ ਇੱਕ ਖ਼ਤਰਾ ਹੈ- ਜੋ ਕਿ ਸਾਡੀ ਜੀਵਨ ਸ਼ੈਲੀ ਹੈ।

ਆਸਟ੍ਰੇਲੀਆ ਕਈ ਦੇਸ਼ਾਂ ਤੋਂ ਗੁੰਝਲਦਾਰ ਅਤੇ ਲਗਾਤਾਰ ਹੋਣ ਵਾਲੀਆਂ ਵਿਦੇਸ਼ੀ ਦਖ਼ਲਅੰਦਾਜ਼ੀ ਗਤੀਵਿਧੀਆਂ ਦਾ ਨਿਸ਼ਾਨਾ ਬਣਦਾ ਰਿਹਾ ਹੈ।

ਜਿਵੇਂ ਕਿ ਸੁਰੱਖਿਆ ਦੇ ਡਾਇਰੈਕਟਰ-ਜਨਰਲ ਨੇ ਪਹਿਲਾਂ ਕਿਹਾ ਹੈ, 'ਸਾਡੀ ਜੀਵਨਸ਼ੈਲੀ ਲਈ ਹੋਣ ਵਾਲੇ ਖ਼ਤਰੇ ਆਸਟ੍ਰੇਲੀਆ ਦੀ ਮੁੱਖ ਸੁਰੱਖਿਆ ਚਿੰਤਾ ਹਨ। ਜੋ ਕੁੱਝ ਆਸਟ੍ਰੇਲੀਆਈ ਸੁਰੱਖਿਆ ਖੁਫ਼ੀਆਂ ਏਜੰਸੀ (Australian Security Intelligence Organisation) ਪਛਾਣ ਰਹੀ ਹੈ, ਜਾਂਚ-ਪੜਤਾਲ ਕਰ ਰਹੀ ਹੈ, ਮੁਲਾਂਕਣ ਕਰ ਰਹੀ ਹੈ ਅਤੇ ਰੋਕ ਰਹੀ ਹੈ, ਉਸ ਦੇ ਆਧਾਰ 'ਤੇ, ਪਹਿਲਾਂ ਨਾਲੋਂ ਕਿਤੇ ਜ਼ਿਆਦਾ ਆਸਟ੍ਰੇਲੀਆਈ ਲੋਕਾਂ ਨੂੰ ਜਾਸੂਸੀ ਅਤੇ ਵਿਦੇਸ਼ੀ ਦਖ਼ਲ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਹੈ।'

ਵਿਦੇਸ਼ੀ ਦਖ਼ਲ ਨੂੰ ਹੱਲ ਨਾ ਕਰਨ ਦਾ ਨਤੀਜਾ ਆਸਟ੍ਰੇਲੀਆ ਲਈ ਲੰਬੇ ਸਮੇਂ ਦੇ ਨਕਾਰਾਤਮਕ ਪ੍ਰਭਾਵਾਂ ਵਾਲਾ ਹੋਵੇਗਾ।

ਜੇਕਰ ਇਸ ਨੂੰ ਰੋਕਿਆ ਨਾ ਗਿਆ ਤਾਂ ਇਹ ਸਾਡੇ ਲੋਕਤੰਤਰੀ ਕਦਰਾਂ-ਕੀਮਤਾਂ, ਨਾਗਰਿਕ ਅਧਿਕਾਰਾਂ, ਸਰਕਾਰੀ ਸੰਸਥਾਵਾਂ, ਆਰਥਿਕ ਖੁਸ਼ਹਾਲੀ, ਮੀਡੀਆ ਅਤੇ ਭਾਈਚਾਰਕ ਏਕਤਾ ਨੂੰ ਅੰਦਰੋ-ਅੰਦਰੀ ਨਸ਼ਟ ਕਰਦਾ ਰਹੇਗਾ।

ਇਹ ਦਸਤਾਵੇਜ਼ ਦੱਸਦਾ ਹੈ ਕਿ:

- ਕੌਣ ਸਭ ਤੋਂ ਵੱਧ ਖ਼ਤਰੇ ਵਿੱਚ ਹੈ।
- ਸਰਕਾਰ ਵਿਦੇਸ਼ੀ ਦਖ਼ਲ ਦਾ ਮੁਕਾਬਲਾ ਕਰਨ ਲਈ ਕੀ ਕਰ ਰਹੀ ਹੈ।
- ਲੋਕ ਅਤੇ ਸੰਸਥਾਵਾਂ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਕੀ ਕਰ ਸਕਦੇ ਹਨ।

**ਆਸਟ੍ਰੇਲੀਆ ਵਿੱਚ ਵਿਦੇਸ਼ੀ ਦਖ਼ਲ ਇੱਕ ਅਪਰਾਧ ਹੈ ਅਤੇ ਕਾਮਨਵੈਲਥ *ਕ੍ਰਿਮਿਨਲ ਕੋਡ ਐਕਟ 1995* (Commonwealth *Criminal Code Act 1995*) ਦੇ ਤਹਿਤ 20 ਸਾਲਾਂ ਤੱਕ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਹੈ।**

# ਵਿਸ਼ਾ-ਸੂਚੀ


**ਵਿਦੇਸ਼ੀ ਦਖ਼ਲ ਸਾਡੀ ਜੀਵਨ ਸ਼ੈਲੀ ਲਈ ਇੱਕ ਖ਼ਤਰਾ ਹੈ। ...... 3**

**ਵਿਸ਼ਾ-ਸੂਚੀ ...... 4**

**ਸ਼ੱਕੀ ਵਿਦੇਸ਼ੀ ਦਖ਼ਲ ਦੀ ਰਿਪੋਰਟ ਕਿਵੇਂ ਕਰੀਏ? ...... 5**

ਆਮ ਲੋਕਾਂ ਅਤੇ ਆਮ ਰਿਪੋਰਟਾਂ ਲਈ ...... 5

ਸਰਕਾਰ ਅਤੇ ਆਸਟ੍ਰੇਲੀਆਈ ਕਾਰੋਬਾਰਾਂ ਅਤੇ ਖੋਜ ਉਦਯੋਗਾਂ ਲਈ ...... 5

**ਵਿਦੇਸ਼ੀ ਦਖ਼ਲ ਕੀ ਹੈ? ...... 6**

ਵਿਦੇਸ਼ੀ ਸਰਕਾਰ ਦੀ ਦਖ਼ਲਅੰਦਾਜ਼ੀ ਦੇ ਨਿਸ਼ਾਨੇ ...... 6

ਜਾਸੂਸੀ ਕੀ ਹੈ? ...... 6

**ਵਿਦੇਸ਼ੀ ਦਖ਼ਲ ਦਾ ਸਭ ਤੋਂ ਵੱਧ ਖ਼ਤਰਾ ਕਿਸਨੂੰ ਹੈ? ...... 7**

ਭਾਈਚਾਰੇ ...... 7

ਲੋਕਤੰਤਰੀ ਸੰਸਥਾਵਾਂ ...... 8

ਉਚੇਰੀ ਸਿੱਖਿਆ ਅਤੇ ਖੋਜ ...... 9

ਉਦਯੋਗ ...... 10

ਮੀਡੀਆ ਅਤੇ ਸੰਚਾਰ ...... 11

**ਵਿਦੇਸ਼ੀ ਦਖ਼ਲ ਦੇ ਜ਼ੋਖਮ ਨੂੰ ਘਟਾਉਣ ਲਈ ਤੁਸੀਂ ਕੀ ਕਰ ਸਕਦੇ ਹੋ? ...... 12**

ਆਮ ਲੋਕ ...... 12

ਸਰਕਾਰ ਅਤੇ ਉਦਯੋਗ ...... 13

**ਸਰਕਾਰ ਵਿਦੇਸ਼ੀ ਦਖ਼ਲ ਨਾਲ ਟਾਕਰਾ ਕਰਨ ਲਈ ਕੀ ਕਰ ਰਹੀ ਹੈ? ...... 14**

ਕਾਨੂੰਨ ...... 14

ਵਧੀਕ ਉਪਾਅ ...... 15

# ਸ਼ੱਕੀ ਵਿਦੇਸ਼ੀ ਦਖ਼ਲ ਦੀ ਰਿਪੋਰਟ ਕਿਵੇਂ ਕਰੀਏ?

**ਐਮਰਜੈਂਸੀ ਵਿੱਚ, 000 'ਤੇ ਫ਼ੋਨ ਕਰੋ**

## ਆਮ ਲੋਕਾਂ ਅਤੇ ਆਮ ਰਿਪੋਰਟਾਂ ਲਈ

### ਰਾਸ਼ਟਰੀ ਸੁਰੱਖਿਆ ਹੌਟਲਾਈਨ

- ਫ਼ੋਨ: 1800 1234 00 (ਆਸਟ੍ਰੇਲੀਆ ਦੇ ਬਾਹਰੋਂ: (+61) 1300 1234 01)
- ਈ-ਮੇਲ: hotline@nationalsecurity.gov.au

ਰਾਸ਼ਟਰੀ ਸੁਰੱਖਿਆ ਹੌਟਲਾਈਨ (National Security Hotline) ਨੂੰ ਕੀਤੀਆਂ ਗਈਆਂ ਰਿਪੋਰਟਾਂ ਗੁੰਮਨਾਮ ਤੌਰ 'ਤੇ ਕੀਤੀਆਂ ਜਾ ਸਕਦੀਆਂ ਹਨ, ਅਤੇ ਇਨ੍ਹਾਂ ਨੂੰ ਅੱਗੇ ਵਿਚਾਰਨ ਲਈ ਉਚਿਤ ਕਾਨੂੰਨ ਲਾਗੂ ਕਰਨ ਵਾਲੀਆਂ ਅਤੇ ਸੁਰੱਖਿਆ ਏਜੰਸੀਆਂ ਨੂੰ ਭੇਜਿਆ ਜਾਂਦਾ ਹੈ।

## ਸਰਕਾਰ ਅਤੇ ਆਸਟ੍ਰੇਲੀਆਈ ਕਾਰੋਬਾਰਾਂ ਅਤੇ ਖੋਜ ਉਦਯੋਗਾਂ ਲਈ

### ਸੂਚਨਾ ਦੇਣ ਯੋਗ ਘਟਨਾਵਾਂ, ਧਮਕੀਆਂ ਜਾਂ ਰਿਪੋਰਟ ਕਰਨ ਯੋਗ ਨਿਰੀਖਣ (NITRO) ਪੋਰਟਲ

- ਸੁਰੱਖਿਅਤ ਵੈੱਬਸਾਈਟ ਪੋਰਟਲ: ਹੋਮ | NITRO (asio.gov.au)

NITRO ਇੱਕ ਸੁਰੱਖਿਅਤ ਇੰਟਰਨੈੱਟ ਪੋਰਟਲ ਹੈ ਜੋ ਆਸਟ੍ਰੇਲੀਆਈ ਕਾਰੋਬਾਰਾਂ ਅਤੇ ਖੋਜ ਸੰਸਥਾਵਾਂ ਲਈ ਵਿਦੇਸ਼ੀ ਦਖ਼ਲ ਦੀਆਂ ਸ਼ੱਕੀ ਗਤੀਵਿਧੀਆਂ ਅਤੇ ਡਰਾਉਣ-ਧਮਕਾਉਣ, ਪ੍ਰੇਸ਼ਾਨ ਕਰਨ, ਜ਼ਬਰਦਸਤੀ ਕਰਨ ਜਾਂ ਧਮਕੀਆਂ ਦੀਆਂ ਕਿਸੇ ਵੀ ਘਟਨਾਵਾਂ ਦੀ ਰਿਪੋਰਟ ਕਰਨ ਲਈ ਬਣਾਇਆ ਗਿਆ ਹੈ।

# ਵਿਦੇਸ਼ੀ ਦਖ਼ਲ ਕੀ ਹੈ?

ਵਿਦੇਸ਼ੀ ਦਖ਼ਲ ਉਹ ਗਤੀਵਿਧੀਆਂ ਹਨ, ਜੋ ਕਿਸੇ ਵਿਦੇਸ਼ੀ ਸ਼ਕਤੀ ਦੁਆਰਾ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਵੱਲੋਂ ਨਿਰਦੇਸ਼ਿਤ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਦੁਆਰਾ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ, ਜਾਂ ਉਨ੍ਹਾਂ ਦੇ ਸਰਗਰਮ ਸਹਿਯੋਗ ਨਾਲ ਕੀਤੀਆਂ ਜਾਂਦੀਆਂ ਹਨ, ਅਤੇ ਇਨ੍ਹਾਂ ਵਿੱਚੋਂ ਇੱਕ ਸਮੱਸਿਆ ਸ਼ਾਮਲ ਹੁੰਦੀ ਹੈ:

- ਕਿਸੇ ਵਿਅਕਤੀ ਲਈ ਖ਼ਤਰਾ, ਜਾਂ
- ਇਹ ਗੁਪਤ ਜਾਂ ਭਰਮਪੂਰਨ ਹੈ ਅਤੇ ਆਸਟ੍ਰੇਲੀਆ ਦੇ ਹਿੱਤਾਂ ਲਈ ਨੁਕਸਾਨਦੇਹ ਹੈ।

## ਵਿਦੇਸ਼ੀ ਸਰਕਾਰ ਦੀ ਦਖ਼ਲਅੰਦਾਜ਼ੀ ਦੇ ਨਿਸ਼ਾਨੇ

- ਲੋਕ - ਜੋ ਭ੍ਰਿਸ਼ਟਾਚਾਰ ਜਾਂ ਜ਼ਬਰਦਸਤੀ ਨੂੰ ਕਬੂਲਣ ਲਈ ਸੰਵੇਦਨਸ਼ੀਲ ਹੋ ਸਕਦੇ ਹਨ, ਜਾਂ ਜਿਨ੍ਹਾਂ ਨੂੰ ਕਿਸੇ ਵਿਦੇਸ਼ੀ ਸਰਕਾਰ ਦੀ ਤਰਫ਼ੋਂ ਕੰਮ ਕਰਨ ਲਈ ਧੋਖਾ ਦਿੱਤਾ ਜਾ ਸਕਦਾ ਹੈ।
- ਬੁਨਿਆਦੀ ਢਾਂਚਾ ਅਤੇ ਸੰਸਥਾਵਾਂ - ਜਿਨ੍ਹਾਂ ਨੂੰ ਨਿਯੰਤਰਿਤ ਕੀਤਾ ਜਾ ਸਕਦਾ ਹੈ, ਪਹੁੰਚ ਕੀਤੀ ਜਾ ਸਕਦੀ ਹੈ ਜਾਂ ਵਿਘਨ ਪਾਇਆ ਜਾ ਸਕਦਾ ਹੈ।
- ਜਾਣਕਾਰੀ – ਜਿਸਨੂੰ ਚੋਰੀ ਕੀਤਾ ਜਾ ਸਕਦਾ ਹੈ, ਹੇਰਾਫੇਰੀ ਕੀਤੀ ਜਾ ਸਕਦੀ ਹੈ ਜਾਂ ਝੂਠੀ ਬਣਾਈ ਜਾ ਸਕਦੀ ਹੈ।

## ਜਾਸੂਸੀ ਕੀ ਹੈ?

- ਜਾਸੂਸੀ ਕਿਸੇ ਅਜਿਹੇ ਵਿਅਕਤੀ ਦੁਆਰਾ ਜਾਣਕਾਰੀ ਦੀ ਚੋਰੀ ਕਰਨਾ ਹੁੰਦਾ ਹੈ, ਜੋ ਕਿਸੇ ਵਿਦੇਸ਼ੀ ਤਾਕਤ ਦੀ ਤਰਫ਼ੋਂ ਕੰਮ ਕਰ ਰਿਹਾ ਹੈ, ਜਾਂ ਜਿਸਦਾ ਮਕਸਦ ਉਸ ਜਾਣਕਾਰੀ ਨੂੰ ਕਿਸੇ ਵਿਦੇਸ਼ੀ ਤਾਕਤ ਨੂੰ ਸੌਂਪਣ ਦਾ ਇਰਾਦਾ ਹੈ ਜੋ ਆਸਟ੍ਰੇਲੀਆ ਤੋਂ ਫ਼ਾਇਦਾ ਲੈਣ ਦੀ ਕੋਸ਼ਿਸ਼ ਕਰ ਰਹੀ ਹੈ।

## ਵਿਦੇਸ਼ੀ ਪ੍ਰਭਾਵ, ਵਿਦੇਸ਼ੀ ਦਖ਼ਲ ਤੋਂ ਕਿਵੇਂ ਵੱਖਰਾ ਹੈ?

**ਵਿਦੇਸ਼ੀ ਦਖ਼ਲ ਅਤੇ ਵਿਦੇਸ਼ੀ ਪ੍ਰਭਾਵ ਵਿੱਚ ਅੰਤਰ ਨੂੰ ਸਮਝਣਾ ਮਹੱਤਵਪੂਰਨ ਹੈ।**

- ਸਾਰੀਆਂ ਸਰਕਾਰਾਂ, ਜਿਨ੍ਹਾਂ ਵਿੱਚ ਆਸਟ੍ਰੇਲੀਆਈ ਸਰਕਾਰ ਵੀ ਸ਼ਾਮਲ ਹੈ, ਉਨ੍ਹਾਂ ਲਈ ਮਹੱਤਵਪੂਰਨ ਮੁੱਦਿਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ।
- ਵਿਦੇਸ਼ੀ ਪ੍ਰਭਾਵ ਉਹ ਗਤੀਵਿਧੀ ਹੁੰਦੀ ਹੈ ਜੋ ਖੁੱਲ੍ਹੀ, ਪਾਰਦਰਸ਼ੀ ਅਤੇ ਸਾਡੇ ਲੋਕਾਂ, ਸਮਾਜ ਅਤੇ ਲੋਕਤੰਤਰੀ ਪ੍ਰਣਾਲੀਆਂ ਦਾ ਸਤਿਕਾਰ ਕਰਦੀ ਹੈ।
- ਵਿਦੇਸ਼ੀ ਪ੍ਰਭਾਵ ਵਿੱਚ ਕੂਟਨੀਤਕ ਗਤੀਵਿਧੀਆਂ, ਰਾਜਨੀਤਿਕ ਲਾਬਿੰਗ, ਗੱਲਬਾਤ ਦੀਆਂ ਗਤੀਵਿਧੀਆਂ, ਵੰਡ ਅਤੇ ਸੱਭਿਆਚਾਰਕ ਕੂਟਨੀਤੀ ਸ਼ਾਮਲ ਹੋ ਸਕਦੀ ਹੈ।

ਜਦੋਂ ਖੁੱਲ੍ਹੇ ਅਤੇ ਪਾਰਦਰਸ਼ੀ ਤਰੀਕੇ ਨਾਲ ਕੀਤੀਆਂ ਜਾਂਦੀਆਂ ਹਨ, ਤਾਂ ਇਹ ਗਤੀਵਿਧੀਆਂ ਵਿਦੇਸ਼ੀ ਦਖ਼ਲ ਨਹੀਂ ਹਨ।

# ਵਿਦੇਸ਼ੀ ਦਖ਼ਲ ਦਾ ਸਭ ਤੋਂ ਵੱਧ ਖ਼ਤਰਾ ਕਿਸਨੂੰ ਹੈ?

ਵਿਦੇਸ਼ੀ ਸਰਕਾਰਾਂ ਆਸਟ੍ਰੇਲੀਆਈ ਸਮਾਜ ਦੇ ਵੱਖ-ਵੱਖ ਹਿੱਸਿਆਂ ਨੂੰ ਵੱਖ-ਵੱਖ ਤਰੀਕਿਆਂ ਨਾਲ ਨਿਸ਼ਾਨਾ ਬਣਾ ਰਹੀਆਂ ਹਨ।

## ਭਾਈਚਾਰੇ

ਜਦੋਂ ਕਿ ਵਿਦੇਸ਼ੀ ਦਖ਼ਲ ਦਾ ਖ਼ਤਰਾ ਆਸਟ੍ਰੇਲੀਆਈ ਭਾਈਚਾਰੇ 'ਤੇ ਲਾਗੂ ਹੁੰਦਾ ਹੈ, ਸਾਡੇ ਡਾਇਸਪੋਰਾ (ਪ੍ਰਵਾਸੀ) ਭਾਈਚਾਰਿਆਂ ਦੇ ਮੈਂਬਰਾਂ ਨੂੰ ਅਕਸਰ ਵਿਦੇਸ਼ੀ ਸਰਕਾਰਾਂ ਵੱਲੋਂ ਦਬਾਏ ਜਾਣ ਨਿਸ਼ਾਨਾ ਬਣਾਉਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ।

ਭਾਈਚਾਰੇ ਵਿੱਚ ਵਿਦੇਸ਼ੀ ਦਖ਼ਲ ਕਈ ਰੂਪਾਂ ਵਿੱਚ ਹੋ ਸਕਦੀ ਹੈ, ਜਿਸ ਵਿੱਚ ਸ਼ਾਮਲ ਹਨ:

- ਵਿਦੇਸ਼ੀ ਸਰਕਾਰ ਦੁਆਰਾ ਮਤਭੇਦੀ ਸਮਝੇ ਜਾਂਦੇ ਵਿਅਕਤੀਆਂ ਨੂੰ ਧਮਕਾਉਣਾ, ਸਰੀਰਕ ਜਾਂ ਇਲੈਕਟ੍ਰਾਨਿਕ ਨਿਗਰਾਨੀ, ਅਗਵਾ ਜਾਂ ਹਮਲਾ ਕਰਨਾ।
- ਲੋਕਤੰਤਰਿਕ ਭਾਗੀਦਾਰੀ ਵਿੱਚ ਦਖ਼ਲ ਦੇਣਾ ਅਤੇ ਸਮਾਜਿਕ ਸੰਬੰਧਾਂ ਨੂੰ ਕਮਜ਼ੋਰ ਕਰਨਾ।
- ਔਨਲਾਈਨ ਜਾਣਕਾਰੀ ਕਾਰਵਾਈਆਂ, ਜੋ ਕਿਸੇ ਵਿਅਕਤੀ ਵਿਸ਼ੇਸ਼ ਜਾਂ ਸਮੂਹ ਨੂੰ ਬਦਨਾਮ ਕਰਨ ਜਾਂ ਅਪਮਾਨਿਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ।
- ਵਿਦੇਸ਼ੀ ਸਰਕਾਰ ਦੇ ਆਰਥਿਕ ਜਾਂ ਰਾਜਨੀਤਿਕ ਹਿੱਤਾਂ ਨੂੰ ਅੱਗੇ ਵਧਾਉਣ ਲਈ ਲੋਕਾਂ ਨੂੰ ਉਨ੍ਹਾਂ ਦੇ ਪਰਿਵਾਰ ਜਾਂ ਸਾਥੀਆਂ ਨੂੰ ਵਿਦੇਸ਼ਾਂ ਵਿੱਚ ਧਮਕੀ ਦੇ ਕੇ ਮਜ਼ਬੂਰ ਕਰਨਾ।
- ਸਾਡੇ ਭਾਈਚਾਰੇ ਦੇ ਮੈਂਬਰਾਂ ਨੂੰ ਆਸਟ੍ਰੇਲੀਆ ਛੱਡ ਕੇ ਆਪਣੇ ਮੂਲ ਦੇਸ਼ ਵਿੱਚ ਵਾਪਸ ਜਾਣ ਲਈ ਮਜ਼ਬੂਰ ਕਰਨਾ, ਬਿਨਾਂ ਕਿਸੇ ਸਹਿਮਤ ਹਵਾਲਾ ਪ੍ਰਕਿਰਿਆ ਦੇ।

ਵਿਦੇਸ਼ੀ ਦਖ਼ਲ ਦੇ ਭਾਈਚਾਰਿਆਂ 'ਤੇ ਹੇਠ ਲਿਖੇ ਪ੍ਰਭਾਵ ਪੈ ਸਕਦੇ ਹਨ।

- ਭਾਈਚਾਰੇ ਦੇ ਮੈਂਬਰ ਖੁੱਲ੍ਹੇ ਤੌਰ 'ਤੇ ਜਨਤਕ ਚਰਚਾ ਵਿੱਚ ਭਾਗ ਲੈਣ ਵਿੱਚ ਅਸਮਰੱਥ ਹਨ।
- ਮੈਂਬਰ ਆਪਣੇ ਆਪ ਨੂੰ ਸਵੈ-ਸੈਂਸਰ ਕਰਦੇ ਹਨ ਅਤੇ ਸਮੁੱਚੇ ਭਾਈਚਾਰੇ ਤੋਂ ਅਲੱਗ ਹੋਏ ਮਹਿਸੂਸ ਕਰਦੇ ਹਨ।

### ਉਦਾਹਰਨ: ਪ੍ਰਦਰਸ਼ਨਕਾਰੀਆਂ ਨੂੰ ਡਰਾਉਣਾ

ਜੈਸੀ ਇੱਕ ਆਸਟ੍ਰੇਲੀਆਈ ਸ਼ਹਿਰ ਵਿੱਚ ਕਿਸੇ ਹੋਰ ਦੇਸ਼ ਦੇ ਰਾਜਨੀਤਿਕ ਮੁੱਦੇ ਬਾਰੇ ਹੋ ਰਹੇ ਕਾਨੂੰਨੀ ਵਿਰੋਧ ਪ੍ਰਦਰਸ਼ਨ ਵਿੱਚ ਭਾਗ ਲੈਂਦੀ ਹੈ। ਜੈਸੀ ਨੇ ਦੇਖਿਆ ਕਿ ਇੱਕ ਵਿਅਕਤੀ ਪ੍ਰਦਰਸ਼ਨਕਾਰੀਆਂ ਦੀਆਂ ਫ਼ੋਟੋਆਂ ਅਤੇ ਵੀਡੀਓਜ਼ ਖਿੱਚ ਰਿਹਾ ਹੈ। ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਤੋਂ ਬਾਅਦ, ਜੈਸੀ ਨੂੰ ਔਨਲਾਈਨ ਤੰਗ-ਪ੍ਰੇਸ਼ਾਨ ਕੀਤਾ ਜਾਣਾ ਸ਼ੁਰੂ ਹੋ ਜਾਂਦਾ ਹੈ। ਦੂਜੇ ਦੇਸ਼ ਵਿੱਚ ਰਹਿੰਦੇ ਜੈਸੀ ਦੇ ਪਰਿਵਾਰ ਤੋਂ ਆਸਟ੍ਰੇਲੀਆ ਵਿੱਚ ਜੈਸੀ ਦੀਆਂ ਗਤੀਵਿਧੀਆਂ ਬਾਰੇ ਉਸ ਦੇਸ਼ ਦੇ ਸਥਾਨਕ ਅਧਿਕਾਰੀਆਂ ਦੁਆਰਾ ਪੁੱਛਗਿੱਛ ਕੀਤੀ ਜਾਂਦੀ ਹੈ ਅਤੇ ਗੰਭੀਰ ਨੁਕਸਾਨ ਦੀ ਧਮਕੀ ਦਿੱਤੀ ਜਾਂਦੀ ਹੈ। ਜੈਸੀ ਹੋਰ ਤੰਗ-ਪ੍ਰੇਸ਼ਾਨੀ ਦੇ ਡਰੋਂ ਉਸਦੇ ਵਿਵਹਾਰ ਅਤੇ ਬੋਲਣ 'ਤੇ ਪਾਬੰਦੀ ਲਗਾਉਣਾ ਸ਼ੁਰੂ ਕਰ ਦਿੰਦੀ ਹੈ, ਜਿਸ ਨਾਲ ਉਸਦੀ ਪ੍ਰਗਟਾਵੇ ਦੀ ਆਜ਼ਾਦੀ ਅਤੇ ਆਸਟ੍ਰੇਲੀਆਈ ਭਾਈਚਾਰੇ ਵਿੱਚ ਭਾਗੀਦਾਰੀ ਸੀਮਤ ਹੋ ਜਾਂਦੀ ਹੈ।

## ਲੋਕਤੰਤਰੀ ਸੰਸਥਾਵਾਂ

ਵਿਦੇਸ਼ੀ ਦਖ਼ਲ ਆਸਟ੍ਰੇਲੀਆਈ ਲੋਕਾਂ ਦੀ ਲੋਕਤੰਤਰੀ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧਤਾ ਨੂੰ ਚੁਣੌਤੀ ਦੇ ਸਕਦੀ ਹੈ ਅਤੇ ਸਾਡੇ ਲੋਕਤੰਤਰ ਦੀ ਅਖੰਡਤਾ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਘਟਾ ਸਕਦਾ ਹੈ। ਵਿਸ਼ਵ ਭਰ ਵਿੱਚ, ਵਿਦੇਸ਼ੀ ਸਰਕਾਰਾਂ ਨੇ ਚੋਣ, ਰਾਜਨੀਤਿਕ ਅਤੇ ਨੌਕਰਸ਼ਾਹੀ (ਬਿਊਰੋਕ੍ਰੈਟਿਕ) ਦਖ਼ਲ ਰਾਹੀਂ ਲੋਕਤੰਤਰ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਵਿੱਚ ਅਜਿਹੇ ਤਰੀਕਿਆਂ ਦਾ ਇਸਤੇਮਾਲ ਕੀਤਾ ਗਿਆ ਹੈ ਜਿਵੇਂ ਕਿ:

- ਚੋਣ ਨਤੀਜੇ ਨੂੰ ਕਿਸੇ ਅਜਿਹੇ ਉਮੀਦਵਾਰ ਜਾਂ ਰਾਜਨੀਤਿਕ ਪਾਰਟੀ ਦੇ ਹੱਕ ਵਿੱਚ ਮੋੜਨ ਦੀ ਕੋਸ਼ਿਸ਼ ਕਰਨਾ, ਜਿਨ੍ਹਾਂ ਦੀਆਂ ਨੀਤੀਆਂ ਵਿਦੇਸ਼ੀ ਸਰਕਾਰ ਲਈ ਜ਼ਿਆਦਾ ਲਾਭਦਾਇਕ ਹਨ।
- ਰਾਜਨੀਤਿਕ ਉਮੀਦਵਾਰਾਂ, ਰਾਜਨੀਤਿਕ ਸਟਾਫ਼ ਜਾਂ ਸਰਕਾਰੀ ਅਧਿਕਾਰੀਆਂ ਨੂੰ ਆਸਟ੍ਰੇਲੀਆ ਦੇ ਹਿੱਤਾਂ ਨਾਲੋਂ ਵਿਦੇਸ਼ੀ ਹਿੱਤਾਂ ਦੀ ਸੇਵਾ ਕਰਨ ਲਈ ਗੁਪਤ ਰੂਪ ਵਿੱਚ ਪ੍ਰਭਾਵਿਤ ਕਰਨ, ਜ਼ਬਰਦਸਤੀ ਕਰਨ ਜਾਂ ਭ੍ਰਿਸ਼ਟ ਕਰਨ ਦੀ ਕੋਸ਼ਿਸ਼ ਕਰਨਾ।
- ਚੋਣ ਪ੍ਰਕਿਰਿਆਵਾਂ ਅਤੇ ਲੋਕਤੰਤਰੀ ਸਰਕਾਰ ਦੀ ਅਖੰਡਤਾ ਵਿੱਚ ਵੋਟਰਾਂ ਦੇ ਵਿਸ਼ਵਾਸ ਨੂੰ ਘਟਾਉਣ ਲਈ ਗ਼ਲਤ ਜਾਣਕਾਰੀ ਫ਼ੈਲਾਉਣਾ।

### ਉਦਾਹਰਨ: ਆਸਟ੍ਰੇਲੀਆਈ ਰਾਜਨੀਤੀ ਵਿੱਚ ਦਖ਼ਲ

ਇੱਕ ਵਿਦੇਸ਼ੀ ਤਾਕਤ ਗੁਪਤ ਰੂਪ ਵਿੱਚ ਆਸਟ੍ਰੇਲੀਆਈ ਭਾਈਚਾਰੇ ਦੇ ਇੱਕ ਮੈਂਬਰ ਨੂੰ ਕਿਸੇ ਆਸਟ੍ਰੇਲੀਆਈ ਸਿਆਸਤਦਾਨ ਦੀ ਚੋਣ ਮੁਹਿੰਮ ਵਿੱਚ ਦਾਨ ਦੇਣ ਲਈ ਨਿਰਦੇਸ਼ ਦਿੰਦੀ ਹੈ। ਇਸ ਤੋਂ ਬਾਅਦ ਉਹ ਆਸਟ੍ਰੇਲੀਆਈ ਸਿਆਸਤਦਾਨ ਉਸ ਭਾਈਚਾਰੇ ਦੇ ਮੈਂਬਰ ਵੱਲ ਹਾਂ-ਪੱਖੀ ਰੁਝਾਨ ਰੱਖਦਾ ਹੈ ਅਤੇ ਉਸ ਵਿਅਕਤੀ ਦੀ ਇਹ ਬੇਨਤੀ ਮੰਨਜ਼ੂਰ ਕਰ ਲੈਂਦਾ ਹੈ ਕਿ ਆਸਟ੍ਰੇਲੀਆਈ ਸਿਆਸਤਦਾਨ ਵਿਦੇਸ਼ੀ ਤਾਕਤ ਦੇ ਫ਼ਾਇਦੇ ਲਈ ਕਿਸੇ ਮਸਲੇ 'ਤੇ ਖ਼ਾਸ ਸਥਿਤੀ ਅਪਣਾਏ। ਇਸ ਭਾਈਚਾਰੇ ਦੇ ਮੈਂਬਰ ਨੇ ਆਸਟ੍ਰੇਲੀਆਈ ਸਿਆਸਤਦਾਨ ਨੂੰ ਨਹੀਂ ਦੱਸਿਆ ਕਿ ਵਿਦੇਸ਼ੀ ਤਾਕਤ ਨੇ ਉਨ੍ਹਾਂ ਨੂੰ ਇਸ ਵਿਵਹਾਰ ਵਿੱਚ ਸ਼ਾਮਲ ਹੋਣ ਲਈ ਨਿਰਦੇਸ਼ ਦਿੱਤਾ ਸੀ।

ਇਸ ਉਦਾਹਰਨ ਵਿੱਚ, ਵਿਦੇਸ਼ੀ ਤਾਕਤ ਅਤੇ ਭਾਈਚਾਰੇ ਦਾ ਮੈਂਬਰ ਦੋਵੇਂ ਵਿਦੇਸ਼ੀ ਦਖ਼ਲ ਦੇ ਕੰਮ ਵਿੱਚ ਸ਼ਾਮਲ ਹੋਏ ਹਨ, ਪਰ ਸਿਆਸਤਦਾਨ ਨਹੀਂ, ਜੋ ਵਿਦੇਸ਼ੀ ਸ਼ਕਤੀ ਦੀ ਗੁਪਤ ਸ਼ਮੂਲੀਅਤ ਤੋਂ ਅਣਜਾਣ ਹੈ।

# ਉਚੇਰੀ ਸਿੱਖਿਆ ਅਤੇ ਖੋਜ

ਵਿਦੇਸ਼ੀ ਦਖ਼ਲ ਆਸਟ੍ਰੇਲੀਆਈ ਯੂਨੀਵਰਸਿਟੀਆਂ ਅਤੇ ਹੋਰ ਸਿੱਖਿਆ ਪ੍ਰਦਾਤਾ ਸੰਸਥਾਵਾਂ ਵਿੱਚ ਅਕਾਦਮਿਕ ਆਜ਼ਾਦੀਆਂ ਨੂੰ ਕਮਜ਼ੋਰ ਕਰ ਸਕਦਾ ਹੈ। ਵਿਦੇਸ਼ੀ ਸਰਕਾਰਾਂ ਅਕਾਦਮਿਕਾਂ ਨੂੰ ਭਰਤੀ ਕਰਨ ਦੀ ਕੋਸ਼ਿਸ਼ ਕਰ ਸਕਦੀਆਂ ਹਨ ਜਿਸਦਾ ਮਕਸਦ ਉਨ੍ਹਾਂ ਸੰਸਥਾਵਾਂ ਦੀ ਖੋਜ ਦੀ ਦਿਸ਼ਾ ਬਦਲਣਾ ਜਾਂ ਸੈਨਿਕ ਜਾਂ ਵਪਾਰਕ ਲਾਹਾ ਪ੍ਰਾਪਤ ਕਰਨ ਲਈ ਬੌਧਿਕ ਸੰਪਤੀ ਚੋਰੀ ਕਰਨਾ ਹੋ ਸਕਦਾ ਹੈ। ਵਿਦੇਸ਼ੀ ਸਰਕਾਰਾਂ ਆਪਣੇ ਹਿੱਤਾਂ ਦੇ ਅਨੁਸਾਰ ਯੂਨੀਵਰਸਿਟੀ ਦੇ ਪਾਠਕ੍ਰਮ ਨੂੰ ਗੁਪਤ ਰੂਪ ਵਿੱਚ ਆਪਣੇ ਅਨੁਸਾਰ ਕਰਨ ਦੀ ਕੋਸ਼ਿਸ਼ ਕਰ ਸਕਦੀਆਂ ਹਨ, ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਨਿਗਰਾਨੀ ਕਰ ਅਤੇ ਡਰਾ-ਧਮਕਾ ਸਕਦੀਆਂ ਹਨ।

ਇਹ ਇਸ ਤਰ੍ਹਾਂ ਦਾ ਹੋ ਸਕਦਾ ਹੈ:

- ਆਰਥਿਕ ਦਬਾਅ ਦੀ ਵਰਤੋਂ ਕਰਕੇ ਯੂਨੀਵਰਸਿਟੀਆਂ ਨੂੰ ਅਜਿਹੇ ਗ਼ੈਰ-ਲਾਹੇਵੰਦ ਪ੍ਰਬੰਧਾਂ 'ਤੇ ਦਸਤਖ਼ਤ ਕਰਨ ਲਈ ਮਜ਼ਬੂਰ ਕਰਨਾ, ਜੋ ਲਗਭਗ ਵਿਸ਼ੇਸ਼ ਤੌਰ 'ਤੇ ਵਿਦੇਸ਼ੀ ਦੇਸ਼ਾਂ ਨੂੰ ਬੌਧਿਕ ਸੰਪਤੀ ਅਧਿਕਾਰ ਅਤੇ ਆਰਥਿਕ ਲਾਭ ਪ੍ਰਦਾਨ ਕਰਦੇ ਹਨ।
- ਪੁੱਛਗਿੱਛ ਕਰਨ ਦੀ ਅਕਾਦਮਿਕ ਆਜ਼ਾਦੀ, ਚਰਚਾ ਕਰਨ ਦੀ ਭਾਸ਼ਾ, ਖੋਜ ਵਿਸ਼ਿਆਂ, ਜਾਂ ਕੋਰਸ ਸਮੱਗਰੀ ਨੂੰ ਵਿਦੇਸ਼ੀ ਹਿੱਤਾਂ ਦੇ ਅਨੁਸਾਰ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ।
- ਜਦੋਂ ਵਿਚਾਰ ਵਿਦੇਸ਼ੀ ਸਰਕਾਰ ਦੇ ਵਿਚਾਰਾਂ ਨਾਲ ਮੇਲ ਨਹੀਂ ਖਾਂਦੇ, ਤਾਂ ਕੈਂਪਸ ਵਿੱਚ ਬੋਲਣ ਅਤੇ ਵਿਚਾਰ-ਪ੍ਰਗਟਾਵੇ ਦੀ ਆਜ਼ਾਦੀ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰਨਾ।

### ਉਦਾਹਰਨ: ਯੂਨੀਵਰਸਿਟੀਆਂ ਅਤੇ ਖੋਜ

ਇੱਕ ਅਕਾਦਮਿਕ ਜੋ ਦੇਸ਼-ਰੱਖਿਆ ਸੰਬੰਧੀ ਤਕਨਾਲੋਜੀ 'ਤੇ ਖੋਜ ਕਰ ਰਿਹਾ ਹੈ, ਉਹ ਵਿਦੇਸ਼ ਵਿੱਚ ਇੱਕ ਕਾਨਫਰੰਸ ਵਿੱਚ ਸ਼ਾਮਲ ਹੁੰਦਾ ਹੈ, ਜਿਸਦੇ ਪ੍ਰਬੰਧਕ ਉਸਦੇ ਸਾਰੇ ਖ਼ਰਚੇ ਉਠਾਉਂਦੇ ਹਨ। ਪ੍ਰਬੰਧਕਾਂ ਨੇ ਇਸ ਕਾਨਫਰੰਸ ਦੀ ਵਰਤੋਂ ਉਨ੍ਹਾਂ ਨੂੰ ਭਰਤੀ ਲਈ ਨਿਸ਼ਾਨਾ ਬਣਾਉਣ ਲਈ ਕੀਤੀ ਹੈ। ਕਾਨਫਰੰਸ ਦੇ ਸਮਾਪਤੀ ਤੋਂ ਬਾਅਦ, ਅਕਾਦਮਿਕ ਆਸਟ੍ਰੇਲੀਆ ਵਾਪਸ ਆਉਂਦਾ ਹੈ ਅਤੇ ਵਿਦੇਸ਼ ਵਿੱਚ ਰਹਿਣ ਵਾਲੇ ਕਾਨਫਰੰਸ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਆਸਟ੍ਰੇਲੀਆ ਦੀ ਰਾਸ਼ਟਰੀ ਸੁਰੱਖਿਆ ਅਤੇ ਰੱਖਿਆ ਤਰਜੀਹਾਂ ਬਾਰੇ ਜਾਣਕਾਰੀ ਦੇਣਾ ਸ਼ੁਰੂ ਕਰ ਦਿੰਦਾ ਹੈ। ਇਸ ਦੇ ਨਤੀਜੇ ਵਜੋਂ ਆਸਟ੍ਰੇਲੀਆ ਦੀ ਰਾਸ਼ਟਰੀ ਸੁਰੱਖਿਆ ਵਿੱਚ ਗਿਰਾਵਟ ਆਉਂਦੀ ਹੈ।

# ਉਦਯੋਗ

ਵਿਦੇਸ਼ੀ ਦਖ਼ਲ ਆਸਟ੍ਰੇਲੀਆਈ ਵਪਾਰਕ ਸਮਰੱਥਾ ਅਤੇ ਮੁਨਾਫ਼ੇ ਨੂੰ ਸੀਮਤ ਕਰ ਸਕਦਾ ਹੈ, ਜਿਸ ਨਾਲ ਸਾਡੀ ਆਰਥਿਕ ਖੁਸ਼ਹਾਲੀ, ਦੇਸ਼ ਰੱਖਿਆ ਦੀ ਸਮਰੱਥਾ ਅਤੇ ਦੋਸਤਾਂ ਅਤੇ ਸਹਿਯੋਗੀਆਂ ਦੇ ਸਾਡੇ ਉੱਤੇ ਹੋਣ ਵਾਲੇ ਵਿਸ਼ਵਾਸ ਨੂੰ ਨਕਾਰਾਤਮਕ ਪ੍ਰਭਾਵਿਤ ਪੈਂਦਾ ਹੈ। ਤਕਨਾਲੋਜੀਆਂ, ਮਹੱਤਵਪੂਰਨ ਖਣਿਜ ਅਤੇ ਮਹੱਤਵਪੂਰਨ ਬੁਨਿਆਦੀ ਢਾਂਚਾ ਵਿਦੇਸ਼ੀ ਸਰਕਾਰਾਂ ਲਈ ਦਿਲਚਸਪੀ ਦੇ ਸਭ ਤੋਂ ਵੱਡੇ ਖੇਤਰ ਹਨ।

ਉਦਯੋਗ ਨੂੰ ਨੁਕਸਾਨ ਪਹੁੰਚਾਉਣ ਲਈ ਵਰਤੇ ਜਾਣ ਵਾਲੇ ਤਰੀਕਿਆਂ ਵਿੱਚ ਸ਼ਾਮਲ ਹਨ:

- ਸਾਂਝੇ ਉੱਦਮ ਕਾਰੋਬਾਰ ਅਤੇ ਭਾਈਵਾਲੀਆਂ, ਜਿੱਥੇ ਅੰਤਰਰਾਸ਼ਟਰੀ ਹਿੱਸੇਦਾਰਾਂ ਦੇ ਸੰਬੰਧ ਜਾਂ ਇਰਾਦੇ ਜਾਣਬੁੱਝ ਕੇ ਲੁਕਾਏ ਜਾਂਦੇ ਹਨ।
- ਦੂਜੇ ਦੇਸ਼ਾਂ ਦੇ ਵਪਾਰਕ ਅਤੇ ਸੈਨਿਕ ਲਾਭਾਂ ਲਈ ਆਸਟ੍ਰੇਲੀਆ ਦੀ ਖੋਜ ਅਤੇ ਤਕਨਾਲੋਜੀ ਹਾਸਲ ਕਰਨ ਲਈ ਵਪਾਰਕ ਪ੍ਰਬੰਧਾਂ ਦੀ ਵਰਤੋਂ ਕਰਨਾ।
- ਮਹੱਤਵਪੂਰਨ ਆਰਥਿਕ ਖੇਤਰਾਂ ਵਿੱਚ ਆਸਟ੍ਰੇਲੀਆਈ ਉਦਯੋਗ ਦੀ ਸਮਰੱਥਾ ਅਤੇ ਮੁਕਾਬਲੇਬਾਜ਼ੀ ਨੂੰ ਨੁਕਸਾਨ ਪਹੁੰਚਾਉਣ ਲਈ ਬਾਜ਼ਾਰਾਂ ਅਤੇ ਸਪਲਾਈ ਚੇਨਾਂ ਵਿੱਚ ਹੇਰਾਫੇਰੀ ਕਰਨਾ।

### ਉਦਾਹਰਨ: ਉਦਯੋਗਾਂ ਵਿੱਚ ਸਾਂਝੀ ਹਿੱਸੇਦਾਰੀ

ਇੱਕ ਆਸਟ੍ਰੇਲੀਆਈ ਕੰਪਨੀ ਨੇ ਵਿਦੇਸ਼ੀ ਸਰਕਾਰੀ ਮਲਕੀਅਤ ਵਾਲੇ ਉਦਯੋਗ (SOE) ਨਾਲ ਇੱਕ ਸਾਂਝੇ ਉੱਦਮ ਵਿੱਚ ਪ੍ਰਵੇਸ਼ ਕੀਤਾ ਹੈ। ਇਸ ਵਿਦੇਸ਼ੀ SOE ਦੇ ਵਿਦੇਸ਼ੀ ਰਾਜ ਦੀਆਂ ਖੁਫ਼ੀਆਂ ਸੇਵਾਵਾਂ ਨਾਲ ਨਜ਼ਦੀਕੀ ਸੰਬੰਧ ਹਨ। ਇਹ ਵਿਦੇਸ਼ੀ SOE, ਇਸ ਪ੍ਰੋਜੈਕਟ ਵਿੱਚ ਕਾਫ਼ੀ ਜ਼ਿਆਦਾ ਪੈਸੇ ਪੂੰਜੀ ਲਗਾਉਂਦੀ ਹੈ, ਅਤੇ ਆਸਟ੍ਰੇਲੀਆਈ ਕੰਪਨੀ ਵਿੱਚ ਇੱਕ ਸੈਕੰਡਮੈਂਟ ਪ੍ਰੋਗਰਾਮ ਦਾ ਆਯੋਜਨ ਕਰਦੀ ਹੈ। ਆਸਟ੍ਰੇਲੀਆਈ ਕੰਪਨੀ ਸੰਭਾਵੀ ਰਾਸ਼ਟਰੀ ਸੁਰੱਖਿਆ ਜ਼ੋਖਮਾਂ ਤੋਂ ਜਾਣੂ ਸੀ, ਪਰ ਵਪਾਰਕ ਕਾਰਨਾਂ ਕਰਕੇ ਫਿਰ ਵੀ ਸਮਝੌਤੇ 'ਤੇ ਦਸਤਖ਼ਤ ਕਰ ਲਏ। ਇਸ ਸਾਂਝੇ ਉੱਦਮ ਨੇ ਕੰਪਨੀ ਨੂੰ ਵਿਦੇਸ਼ੀ ਦਖ਼ਲ ਅਤੇ ਜਾਸੂਸੀ ਦਾ ਸ਼ਿਕਾਰ ਬਣਾ ਦਿੱਤਾ।

## ਮੀਡੀਆ ਅਤੇ ਸੰਚਾਰ

ਮਜ਼ਬੂਤ ਲੋਕਤੰਤਰ ਭਰੋਸੇਯੋਗ ਜਾਣਕਾਰੀ, ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਅਤੇ ਸੁਤੰਤਰ ਮੀਡੀਆ ਦੀ ਉਪਲਬਧਤਾ ਦੁਆਰਾ ਦਰਸਾਏ ਜਾਂਦੇ ਹਨ। ਮੀਡੀਆ ਵਿੱਚ ਵਿਦੇਸ਼ੀ ਦਖ਼ਲ ਆਸਟ੍ਰੇਲੀਆਈ ਲੋਕਾਂ ਦੀ ਚੰਗੀ ਤਰ੍ਹਾਂ ਜਾਣਕਾਰੀ ਨਾਲ ਸੂਚਿਤ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਫ਼ੈਸਲੇ ਲੈਣ ਦੀ ਯੋਗਤਾ ਨੂੰ ਕਮਜ਼ੋਰ ਕਰ ਸਕਦਾ ਹੈ, ਅਤੇ ਭਾਈਚਾਰਕ ਤਣਾਅ ਨੂੰ ਹੋਰ ਵੀ ਵਿਗਾੜ ਸਕਦਾ ਹੈ, ਜਿਸ ਨਾਲ ਸਾਡੀ ਸਮਾਜਿਕ ਏਕਤਾ ਖ਼ਰਾਬ ਹੋ ਸਕਦੀ ਹੈ।

ਇਹ ਇਸ ਤਰ੍ਹਾਂ ਦਾ ਹੋ ਸਕਦਾ ਹੈ:

- ਅਜਿਹੀਆਂ ਕਹਾਣੀਆਂ ਨੂੰ ਪ੍ਰਚਾਰਨਾ ਅਤੇ ਗ਼ਲਤ ਜਾਣਕਾਰੀ ਫ਼ੈਲਾਉਣਾ, ਜੋ ਵਿਦੇਸ਼ੀ ਸਰਕਾਰ ਦੇ ਹਿੱਤਾਂ ਦੀ ਸੇਵਾ ਕਰਦੇ ਹਨ, ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਕਮਜ਼ੋਰ ਕਰਦੇ ਹਨ।
- ਪੱਤਰਕਾਰਾਂ ਅਤੇ ਹੋਰ ਮੀਡੀਆ ਪੇਸ਼ੇਵਰਾਂ ਨੂੰ ਭਰਤੀ ਕਰਨਾ ਤਾਂ ਜੋ ਜਨਤਾ ਨੂੰ ਪ੍ਰਸਾਰਿਤ ਕੀਤੀ ਜਾਣ ਵਾਲੀ ਜਾਣਕਾਰੀ ਨੂੰ ਕੰਟਰੋਲ ਕੀਤਾ ਜਾ ਸਕੇ।
- ਆਸਟ੍ਰੇਲੀਆ ਵਿੱਚ ਮੀਡੀਆ ਵਿੱਚ ਪ੍ਰਗਟ ਕੀਤੇ ਗਏ ਆਲੋਚਨਾਤਮਕ ਵਿਚਾਰਾਂ ਨੂੰ ਸੀਮਤ ਜਾਂ ਕੰਟਰੋਲ ਕਰਨ ਦੀ ਕੋਸ਼ਿਸ਼, ਜਿਸ ਵਿੱਚ ਸਮੱਗਰੀ ਦੀ ਸੈਂਸਰਸ਼ਿਪ, ਜਾਂ ਪੱਤਰਕਾਰਾਂ, ਕਾਰਕੁਨਾਂ ਜਾਂ ਸਿਆਸਤਦਾਨਾਂ ਨੂੰ ਤੰਗ-ਪ੍ਰੇਸ਼ਾਨ ਕਰਨਾ ਅਤੇ ਬਦਨਾਮ ਕਰਨਾ ਸ਼ਾਮਲ ਹੋ ਸਕਦਾ ਹੈ।

### ਉਦਾਹਰਨ: ਖੁੱਲ੍ਹੀ ਤੌਰ 'ਤੇ ਮੀਡੀਆ ਰਿਪੋਰਟਿੰਗ ਕਰਨ ਨੂੰ ਕਮਜ਼ੋਰ ਕਰਨਾ

ਕਿਸੇ ਅਖਬਾਰ ਦੇ ਸੰਪਾਦਕਾਂ 'ਤੇ ਉਨ੍ਹਾਂ ਦੇ ਬੋਰਡ ਵੱਲੋਂ ਕਿਸੇ ਖ਼ਾਸ ਰਾਜਨੀਤਿਕ ਮੁੱਦੇ 'ਤੇ ਖ਼ਬਰਾਂ ਦੇਣ ਨੂੰ ਸੀਮਤ ਕਰਨ ਲਈ ਦਬਾਅ ਪਾਇਆ ਜਾਂਦਾ ਹੈ। ਸੰਪਾਦਕਾਂ ਨੂੰ ਪਤਾ ਨਹੀਂ ਸੀ ਕਿ ਬੋਰਡ ਦੇ ਕਈ ਮੈਂਬਰਾਂ ਦੇ ਵਿਦੇਸ਼ੀ ਸਰਕਾਰ ਨਾਲ ਗੁਪਤ ਸੰਬੰਧ ਹਨ, ਅਤੇ ਉਹ ਇਸ ਰਾਜਨੀਤਿਕ ਮਸਲੇ ਬਾਰੇ ਨਕਾਰਾਤਮਕ ਖ਼ਬਰਾਂ ਦੇਣ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਜੋ ਵਿਦੇਸ਼ੀ ਸਰਕਾਰ ਦੇ ਇਸ ਸਥਿਤੀ ਬਾਰੇ ਰੁਖ਼ ਨਾਲ ਮੇਲ ਖਾਧਾ ਜਾ ਸਕੇ। ਇਹ ਖ਼ਬਰਾਂ ਦਾ ਟੇਡਾ ਪੇਸ਼ ਕੀਤਾ ਜਾਣਾ ਹੌਲੀ-ਹੌਲੀ ਜਨਤਾ ਦੀ ਉਸ ਸਿਆਸੀ ਮਸਲੇ ਬਾਰੇ ਜਾਣਕਾਰੀ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਉਨ੍ਹਾਂ ਦੇ ਉਸ ਮੀਡੀਆ ਅਦਾਰੇ ਅਤੇ ਆਸਟ੍ਰੇਲੀਆਈ ਮੀਡੀਆ ਵਿੱਚ ਵਿਸ਼ਵਾਸ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿੰਦਾ ਹੈ।

# ਵਿਦੇਸ਼ੀ ਦਖ਼ਲ ਦੇ ਜ਼ੋਖਮ ਨੂੰ ਘਟਾਉਣ ਲਈ ਤੁਸੀਂ ਕੀ ਕਰ ਸਕਦੇ ਹੋ?

ਵਿਦੇਸ਼ੀ ਦਖ਼ਲਅੰਦਾਜ਼ੀ ਦਾ ਮੁਕਾਬਲਾ ਕਰਨਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਸਾਨੂੰ ਇਸ ਖ਼ਤਰੇ ਤੋਂ ਜਾਣੂ ਹੋਣਾ ਚਾਹੀਦਾ ਹੈ। ਵਿਦੇਸ਼ੀ ਦਖ਼ਲ ਵਿਰੁੱਧ ਸਾਡੀ ਸਮੂਹਿਕ ਲਚਕਤਾ ਨੂੰ ਵਧਾਉਣਾ ਸਾਡੀ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ।

ਆਸਟ੍ਰੇਲੀਆਈ ਸਰਕਾਰ ਲੋਕਾਂ ਅਤੇ ਖੇਤਰਾਂ ਨਾਲ ਮਿਲ ਕੇ ਰੋਕਥਾਮ ਅਤੇ ਵਿਦੇਸ਼ੀ ਦਖ਼ਲ ਦੀਆਂ ਕਾਰਵਾਈਆਂ ਦਾ ਜਵਾਬ ਦੇਣ ਲਈ ਕੰਮ ਕਰ ਰਹੀ ਹੈ।

## ਆਮ ਲੋਕ

- ਜੇਕਰ ਤੁਸੀਂ ਕਿਸੇ ਵੀ ਤਰੀਕੇ ਨਾਲ ਡਰੇ ਹੋਏ ਜਾਂ ਅਸੁਰੱਖਿਅਤ ਮਹਿਸੂਸ ਕਰ ਰਹੇ ਹੋ, ਤਾਂ ਪੁਲਿਸ ਨਾਲ ਸੰਪਰਕ ਕਰੋ:

  – ਫੌਰੀ ਖ਼ਤਰੇ ਲਈ 000 ਦੀ ਵਰਤੋਂ ਕਰੋ;ਜਾਂ

  – ਗ਼ੈਰ-ਫੌਰੀ ਧਮਕੀਆਂ ਲਈ 13 14 44 ਦੀ ਵਰਤੋਂ ਕਰੋ।
- ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਵਿਦੇਸ਼ੀ ਦਖ਼ਲ ਦੀਆਂ ਗਤੀਵਿਧੀਆਂ ਦਾ ਨਿਸ਼ਾਨਾ ਬਣਾਇਆ ਗਿਆ ਹੈ, ਤਾਂ ਰਾਸ਼ਟਰੀ ਸੁਰੱਖਿਆ ਹੌਟਲਾਈਨ [ਆਸਟ੍ਰੇਲੀਅਨ ਰਾਸ਼ਟਰੀ ਸੁਰੱਖਿਆ] ਨੂੰ ਰਿਪੋਰਟ ਕਰੋ।] ਤੁਸੀਂ ਗੁਪਤ ਰੂਪ ਵਿੱਚ ਰਿਪੋਰਟ ਕਰ ਸਕਦੇ ਹੋ।
- ਹਰ ਕੋਈ ਜਿਸਨੂੰ ਤੁਸੀਂ ਔਨਲਾਈਨ ਮਿਲਦੇ ਹੋ, ਉਹ ਉਹ ਨਹੀਂ ਹੁੰਦਾ ਜੋ ਉਹ ਕਹਿੰਦੇ ਹਨ। ਨਵੇਂ ਹਿੱਸੇਦਾਰਾਂ ਨਾਲ ਜਾਣਕਾਰੀ ਸਾਂਝੀ ਕਰਨ ਜਾਂ ਇਕਰਾਰਨਾਮੇ ਕਰਨ ਤੋਂ ਪਹਿਲਾਂ ਦੂਸਰੇ ਵਿਅਕਤੀਆਂ ਦੀ ਪਛਾਣ ਅਤੇ ਉਦੇਸ਼ਾਂ ਅਤੇ ਸੰਭਾਵੀ ਜ਼ੋਖਮਾਂ ਬਾਰੇ ਧਿਆਨ ਨਾਲ ਸੋਚੋ [ਲਿੰਕ ਕਰਨ ਤੋਂ ਪਹਿਲਾਂ ਸੋਚੋ | ASIO]।
- ਸਾਈਬਰ ਸੁਰੱਖਿਅਤ ਰਹੋ [ਆਪਣੇ ਆਪ ਨੂੰ ਸੁਰੱਖਿਅਤ ਰੱਖੋ | Cyber.gov.au ]।
- ਜਾਅਲੀ ਖ਼ਬਰਾਂ ਅਤੇ ਗ਼ਲਤ ਜਾਣਕਾਰੀ ਨੂੰ ਪਛਾਣਨ ਲਈ ਭਰੋਸੇਯੋਗ ਮੀਡੀਆ ਆਊਟਲੈਟਾਂ ਦੇ ਨਾਲ ਜਾਂਚ ਕਰੋ। ਸੋਸ਼ਲ ਮੀਡੀਆ 'ਤੇ ਜਾਣਕਾਰੀ ਦੇ ਪ੍ਰਤੀ ਸੰਦੇਹਪੂਰਕ ਰਹੋ ਅਤੇ ਪੱਖਪਾਤ ਦੀ ਜਾਂਚ ਕਰੋ।
- ਚੋਣ ਸੰਬੰਧੀ ਸੰਦਰਭ ਵਿੱਚ: ਰੁਕੋ ਅਤੇ ਵਿਚਾਰ ਕਰੋ [stop-and-consider-external-flyer.pdf (aec.gov.au)]: ਕੀ ਜਾਣਕਾਰੀ ਭਰੋਸੇਯੋਗ ਸਰੋਤ ਤੋਂ ਆ ਰਹੀ ਹੈ? ਇਹ ਕਦੋਂ ਪ੍ਰਕਾਸ਼ਿਤ ਹੋਈ ਸੀ? ਕੀ ਇਹ ਠੱਗੀ ਹੋ ਸਕਦੀ ਹੈ?
- ਗੰਭੀਰ ਔਨਲਾਈਨ ਦੁਰਵਿਵਹਾਰ ਦੀ ਰਿਪੋਰਟ ਈ-ਸੇਫ਼ਟੀ ਕਮਿਸ਼ਨਰ ਨੂੰ ਇੱਥੇ ਜਾ ਕੇ ਕਰੋ:https://esafety.gov.au/report
- ਜੇਕਰ ਤੁਹਾਨੂੰ ਆਸਟ੍ਰੇਲੀਆ ਵਿੱਚ ਡਿਪਲੋਮੈਟਿਕ ਜਾਂ ਕੌਂਸਲਰ ਅਧਿਕਾਰੀਆਂ ਦੇ ਅਣਉਚਿਤ ਵਿਵਹਾਰ ਬਾਰੇ ਕੋਈ ਚਿੰਤਾ ਹੈ ਤਾਂ ਤੁਸੀਂ ਇਸ ਬਾਰੇ ਵਿਦੇਸ਼ ਮਾਮਲਿਆਂ ਅਤੇ ਵਪਾਰ ਵਿਭਾਗ ਦੀ ਪ੍ਰੋਟੋਕੋਲ ਸ਼ਾਖਾ ਨੂੰ Protocol.branch@dfat.gov.au 'ਤੇ ਰਿਪੋਰਟ ਕਰੋ।
- ਜੇਕਰ ਤੁਹਾਨੂੰ ਕਿਸੇ ਵਿਦੇਸ਼ੀ ਸਰਕਾਰ, ਕਿਸੇ ਵਿਦੇਸ਼ੀ ਰਾਜਨੀਤਿਕ ਸੰਗਠਨ ਜਾਂ ਕਿਸੇ ਵਿਦੇਸ਼ੀ ਸਰਕਾਰ ਨਾਲ ਜੁੜੀ ਸੰਸਥਾ ਜਾਂ ਵਿਅਕਤੀ ਵੱਲੋਂ ਕੋਈ ਗਤੀਵਿਧੀਆਂ ਕਰਨ ਲਈ ਕਿਹਾ ਜਾ ਰਿਹਾ ਹੈ, ਤਾਂ ਵਿਚਾਰ ਕਰੋ ਕਿ ਕੀ ਤੁਹਾਨੂੰ ਆਪਣੀਆਂ ਗਤੀਵਿਧੀਆਂ ਨੂੰ ਵਿਦੇਸ਼ੀ ਪ੍ਰਭਾਵ ਪਾਰਦਰਸ਼ਤਾ ਯੋਜਨਾ [ਵਿਦੇਸ਼ੀ ਪ੍ਰਭਾਵ ਪਾਰਦਰਸ਼ਤਾ ਯੋਜਨਾ | ਅਟਾਰਨੀ-ਜਨਰਲ ਵਿਭਾਗ] ਦੇ ਤਹਿਤ ਰਜਿਸਟਰ ਕਰਨ ਦੀ ਲੋੜ ਹੈ।
- ਵਿਦੇਸ਼ੀ ਦਖ਼ਲ ਤੁਹਾਡੀ ਮਾਨਸਿਕ ਸਿਹਤ ਅਤੇ ਸੁਖ-ਸ਼ਾਂਤੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਹੇਠ ਲਿਖੀਆਂ ਸਹਾਇਤਾ ਸੇਵਾਵਾਂ ਮੁਫ਼ਤ, 24/7 ਉਪਲਬਧ, ਗੁਪਤ ਅਤੇ ਪੇਸ਼ੇਵਰ ਸਲਾਹ-ਮਸ਼ਵਰਾ ਪ੍ਰਦਾਨ ਕਰਦੀਆਂ ਹਨ।

  – Lifeline (ਲਾਈਫਲਾਈਨ): 13 11 14

  – Beyond Blue (ਬਿਓਂਡ ਬਲੂ): 1300 224 636

## ਸਰਕਾਰ ਅਤੇ ਉਦਯੋਗ

ਨਵੀਂ ਸਾਂਝੇਦਾਰੀ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਖ਼ਤਰੇ ਤੋਂ ਜਾਣੂ ਹੋ ਕੇ ਅਤੇ ਆਪਣੀ ਪੂਰੀ ਤਨਦੇਹੀ ਨਾਲ ਜ਼ੋਖਮਾਂ ਬਾਰੇ ਜਾਂਚ ਕਰਕੇ ਆਪਣੇ ਆਪ ਨੂੰ, ਆਪਣੇ ਸੰਗਠਨ ਨੂੰ, ਆਪਣੀ ਸਾਖ਼ ਨੂੰ ਅਤੇ ਆਪਣੇ ਕੰਮ ਦੀ ਸੁਰੱਖਿਅਤ ਕਰੋ।

- NITRO (ਸੂਚਨਾ ਦੇਣ ਯੋਗ ਘਟਨਾਵਾਂ, ਧਮਕੀਆਂ ਜਾਂ ਰਿਪੋਰਟ ਕਰਨ ਯੋਗ ਨਿਰੀਖਣ) ਇੱਕ ਹੋਰ ਰਿਪੋਰਟਿੰਗ ਤਰੀਕਾ ਹੈ। ਇਹ ਇੱਕ ਸੁਰੱਖਿਅਤ ਇੰਟਰਨੈੱਟ ਪੋਰਟਲ ਹੈ ਜੋ ਸੁਰੱਖਿਆ ਕਲੀਅਰੈਂਸ ਤੋਂ ਬਿਨ੍ਹਾਂ ਹੋਣ ਵਾਲੇ ਲੋਕਾਂ ਲਈ ਬਣਾਇਆ ਗਿਆ ਹੈ ਤਾਂ ਜੋ ਉਹ ਦੇਸ਼ ਰੱਖਿਆ, ਸਿੱਖਿਆ ਅਤੇ ਆਸਟ੍ਰੇਲੀਆਈ ਵਪਾਰਕ ਖੇਤਰਾਂ ਨਾਲ ਸੰਬੰਧਿਤ ਸੰਭਾਵੀ ਜਾਸੂਸੀ, ਵਿਦੇਸ਼ੀ ਦਖ਼ਲ ਜਾਂ ਅੰਦਰੂਨੀ ਖ਼ਤਰਿਆਂ ਬਾਰੇ ਚਿੰਤਾਵਾਂ ਦੀ ਰਿਪੋਰਟ ਕਰਨ ਸਕਣ।

  – NITRO ASIO ਦੀ ਵੈੱਬਸਾਈਟ nitro.asio.gov.au 'ਤੇ ਉਪਲਬਧ ਹੈ।
- ਵਿਦੇਸ਼ੀ ਡਿਪਲੋਮੈਟਿਕ ਜਾਂ ਕੌਂਸਲਰ ਅਧਿਕਾਰੀਆਂ ਦੇ ਅਣਉਚਿਤ ਵਿਵਹਾਰ ਦੀ ਰਿਪੋਰਟ ਵਿਦੇਸ਼ ਮਾਮਲਿਆਂ ਅਤੇ ਵਪਾਰ ਵਿਭਾਗ ਦੀ ਪ੍ਰੋਟੋਕੋਲ ਸ਼ਾਖਾ ਨੂੰ Protocol.branch@dfat.gov.au 'ਤੇ ਕੀਤੀ ਜਾਣੀ ਚਾਹੀਦੀ ਹੈ।
- ਇੱਕ ਮਜ਼ਬੂਤ ਸੁਰੱਖਿਆ ਸੱਭਿਆਚਾਰ ਬਣਾਓ ਅਤੇ ਬਰਕਰਾਰ ਰੱਖੋ ਅਤੇ ਲੋਕਾਂ, ਜਾਣਕਾਰੀ ਅਤੇ ਸੰਪਤੀਆਂ ਨੂੰ ਸੁਰੱਖਿਆ ਜ਼ੋਖਮਾਂ ਤੋਂ ਬਚਾਉਣ ਲਈ ਨੀਤੀਆਂ ਅਤੇ ਪ੍ਰਕਿਰਿਆਵਾਂ ਬਣਾਓ [ਸੁਰੱਖਿਅਤ ਸੁਰੱਖਿਆ ਨੀਤੀ ਢਾਂਚਾ]।
- ਮਜ਼ਬੂਤ ਸਾਇਬਰ ਸੁਰੱਖਿਆ ਨਿਯੰਤਰਣ ਬਣਾਓ।
  – ਆਸਟ੍ਰੇਲੀਆਈ ਸਾਈਬਰ ਸੁਰੱਖਿਆ ਕੇਂਦਰ (ACSC) ਨੂੰ ਘਟਨਾਵਾਂ ਦੀ ਰਿਪੋਰਟ ਕਰੋ [ਰਿਪੋਰਟ ਕਰੋ ਅਤੇ ਰਿਕਵਰ ਕਰੋ | Cyber.gov.au] ।
  – ACSC ਪਾਰਟਨਰ ਬਣਨ ਲਈ ਰਜਿਸਟਰ ਕਰੋ [ਆਸਟ੍ਰੇਲੀਅਨ ਸਿਗਨਲ ਡਾਇਰੈਕਟੋਰੇਟ ਦਾ ਸਾਈਬਰ ਸੁਰੱਖਿਆ ਭਾਈਵਾਲੀ ਪ੍ਰੋਗਰਾਮ | Cyber.gov.au]।
- ਆਪਣੀ ਸੰਸਥਾ ਵਿਚਲੇ ਅੰਦਰੂਨੀ ਖ਼ਤਰੇ ਦੇ ਜ਼ੋਖਮਾਂ ਬਾਰੇ ਵਿਚਾਰ ਕਰੋ ਅਤੇ ਜ਼ੋਖਮ-ਅਧਾਰਿਤ ਰੋਕਥਾਮ ਉਪਾਅ ਲਾਗੂ ਕਰੋ ਜਿਵੇਂ ਕਿ ਕਰਮਚਾਰੀਆਂ ਦੀ ਸਕ੍ਰੀਨਿੰਗ, ਹਿੱਤਾਂ ਦੇ ਟਕਰਾਅ ਸੰਬੰਧੀ ਯੋਜਨਾਵਾਂ, ਯੋਗਤਾ ਜਾਂਚਾਂ, ਆਡਿਟ ਅਤੇ ਧੋਖਾਧੜੀ ਅਤੇ ਆਡਿਟ ਢਾਂਚੇ। [[ਅੰਦਰੂਨੀ ਖ਼ਤਰੇ ਦਾ ਮੁਕਾਬਲਾ ਕਰਨਾ: ਆਸਟ੍ਰੇਲੀਆਈ ਸਰਕਾਰ ਵੱਲੋਂ ਇੱਕ ਗਾਈਡ]
- ਜਾਂਚ ਕਰੋ ਕਿ ਕੀ ਕਿਸੇ ਕੰਪਨੀ, ਵਿਅਕਤੀ ਜਾਂ ਸੰਸਥਾ ਦੇ ਘਰੇਲੂ ਦੇਸ਼ ਨੂੰ ਵਿੱਤੀ ਕਾਰਵਾਈ ਟਾਸਕ ਫੋਰਸ [ਹੋਮ (fatf-gafi.org)] ਦੁਆਰਾ ਇੱਕ ਨਿਰਧਾਰਤ ਵਿਦੇਸ਼ੀ ਦੇਸ਼ ਜਾਂ ਵੱਧ ਜ਼ੋਖਮ ਵਾਲੇ ਦੇਸ਼ ਵਜੋਂ ਸੂਚੀਬੱਧ ਕੀਤਾ ਗਿਆ ਹੈ।
- ਕਿਸੇ ਵੀ ਸਮਝੌਤੇ, ਨਿਵੇਸ਼ ਜਾਂ ਭਾਈਵਾਲੀ ਵਿੱਚ ਲਾਗੂ ਹੋਣ ਵਾਲੇ ਬੌਧਿਕ ਸੰਪਤੀ (IP) ਜਾਂ ਖੋਜ ਅਤੇ ਵਿਕਾਸ ਬੰਦੋਬਸਤਾਂ ਨੂੰ ਸਮਝੋ। ਚੋਰੀ ਜਾਂ ਅਣਇੱਛਤ ਨਕਾਰਾਤਮਕ ਵਰਤੋਂ ਤੋਂ ਬਚਣ ਲਈ IP ਦੀ ਸੁਰੱਖਿਆ ਕਰਨ ਦੀ ਯੋਜਨਾ ਬਣਾਓ [ਆਪਣੀ ਸਫ਼ਲਤਾ ਨੂੰ ਸੁਰੱਖਿਅਤ ਕਰੋ | ASIO]
- ਸੰਭਾਵੀ ਹਿੱਸੇਦਾਰਾਂ, ਬੋਰਡ ਮੈਂਬਰਾਂ ਅਤੇ ਡਾਇਰੈਕਟਰਾਂ ਜਾਂ ਨਿਵੇਸ਼ਕਾਂ ਲਈ, ਹੇਠ ਲਿਖਿਆਂ 'ਤੇ ਵਿਚਾਰ ਕਰੋ।
  – ਆਸਟ੍ਰੇਲੀਆ ਦੀ ਪਾਬੰਦੀ ਪ੍ਰਣਾਲੀ ਅਧੀਨ ਸੂਚੀਬੱਧ ਵਿਅਕਤੀਆਂ ਅਤੇ ਸੰਸਥਾਵਾਂ ਦੀ ਵਿਦੇਸ਼ੀ ਮਾਮਲਿਆਂ ਅਤੇ ਵਪਾਰ ਵਿਭਾਗ ਦੀ ਇਕੱਠੀ ਸੂਚੀ ਵਿੱਚ ਜਾਂਚ ਕਰੋ [ਇਕੱਠੀ ਸੂਚੀ | ਆਸਟ੍ਰੇਲੀਆਈ ਸਰਕਾਰ ਦਾ ਵਿਦੇਸ਼ੀ ਮਾਮਲਿਆਂ ਅਤੇ ਵਪਾਰ ਵਿਭਾਗ (dfat.gov.au)]।
  – ਵਿਦੇਸ਼ੀ ਪ੍ਰਭਾਵ ਪਾਰਦਰਸ਼ਤਾ ਯੋਜਨਾ ਰਜਿਸਟਰ [ਪਾਰਦਰਸ਼ਤਾ ਰਜਿਸਟਰ -ਪਾਰਦਰਸ਼ਤਾ ਰਜਿਸਟਰ (ag.gov.au)] ਜਾਂਚੋ ਤਾਂ ਜੋ ਤੁਸੀਂ ਇਹ ਸਮਝ ਸਕੋ ਕਿ ਕਿਸੇ ਵਿਅਕਤੀ ਜਾਂ ਸੰਸਥਾ ਦੇ ਵਿਦੇਸ਼ੀ ਸਰਕਾਰਾਂ, ਵਿਦੇਸ਼ੀ ਰਾਜਨੀਤਿਕ ਸੰਸਥਾਵਾਂ ਅਤੇ ਵਿਦੇਸ਼ੀ ਸਰਕਾਰ ਨਾਲ ਜੁੜੇ ਵਿਅਕਤੀਆਂ ਜਾਂ ਸੰਸਥਾਵਾਂ ਨਾਲ ਕੀ ਰਿਸ਼ਤੇ ਹੋ ਸਕਦੇ ਹਨ।
  – ਇਹ ਪੁਸ਼ਟੀ ਕਰੋ ਕਿ ਕੋਈ ਕੰਪਨੀ ਜਾਂ ਸੰਸਥਾ ਢੁੱਕਵੇਂ ਤਰੀਕੇ ਨਾਲ ਰਜਿਸਟਰਡ ਕੀਤੀ ਗਈ ਹੈ। ਸਥਾਨਕ ਤੌਰ 'ਤੇ, ਇਸਦੀ ਪੁਸ਼ਟੀ ਆਸਟ੍ਰੇਲੀਆਈ ਬਿਜਨਸ ਰਜਿਸਟਰ [ABN ਲੁੱਕਅੱਪ (business.gov.au)] ਅਤੇ ਆਸਟ੍ਰੇਲੀਆਈ ਸੁਰੱਖਿਆ ਅਤੇ ਨਿਵੇਸ਼ ਕਮਿਸ਼ਨ [ASIC ਦੇ ਰਜਿਸਟਰਾਂ ਵਿੱਚ ਭਾਲੋ | ASIC] ਰਾਹੀਂ ਕੀਤੀ ਜਾ ਸਕਦੀ ਹੈ।
  – ਕਾਰੋਬਾਰੀ ਸੰਬੰਧਾਂ ਵਿੱਚ ਦਾਖ਼ਲ ਹੋਣ ਬਾਰੇ ਵਿਚਾਰ ਕਰਦੇ ਸਮੇਂ ਕੰਪਨੀ ਅਤੇ ਸ਼ੇਅਰਧਾਰਕ ਢਾਂਚੇ, ਮੂਲ ਮਾਲਕਾਂ ਅਤੇ ਗੁਪਤ ਹਿੱਸੇਦਾਰਾਂ ਦੀ ਪੁਸ਼ਟੀ ਕਰੋ।
  – ਇਸ ਗੱਲ 'ਤੇ ਵਿਚਾਰ ਕਰੋ ਕਿ ਕਾਰੋਬਾਰੀ ਸੰਬੰਧਾਂ ਵਿੱਚ ਜਾਣਕਾਰੀ, ਪ੍ਰਣਾਲੀਆਂ ਅਤੇ ਤਕਨਾਲੋਜੀਆਂ ਤੱਕ ਕਿਹੜੀ ਪਹੁੰਚ ਲੈਣ ਦੀ ਮੰਗ ਕੀਤੀ ਜਾ ਰਹੀ ਹੈ ਜਾਂ ਦਿੱਤੀ ਜਾਵੇਗੀ ਅਤੇ ਸਮਝੌਤਿਆਂ ਨੂੰ ਖ਼ਤਮ ਕਰਨ ਲਈ ਪ੍ਰਭਾਵਸ਼ਾਲੀ ਧਾਰਾਵਾਂ ਹਨ।
  – ਇਸ ਗੱਲ 'ਤੇ ਵਿਚਾਰ ਕਰੋ ਕਿ ਕੀ ਕਿਸੇ ਕੰਪਨੀ ਜਾਂ ਸੰਸਥਾ ਦੇ ਘਰੇਲੂ ਦੇਸ਼ ਦੀ ਕਾਨੂੰਨੀ ਪ੍ਰਣਾਲੀ ਨਿਆਂਪੂਰਨ ਅਤੇ ਬਰਾਬਰਤਾ ਦੇਣ ਵਾਲੀ ਹੈ, ਅਤੇ ਕੀ ਇਹ ਕਾਨੂੰਨੀ ਪ੍ਰਬੰਧ ਸਰਕਾਰ ਅਤੇ ਖੁਫ਼ੀਆਂ ਸੇਵਾਵਾਂ ਦੁਆਰਾ ਜਾਣਕਾਰੀ ਅਤੇ ਡੇਟਾ ਤੱਕ ਕਾਨੂੰਨੀ ਪਹੁੰਚ ਕਰਨ ਦੀ ਆਗਿਆ ਦਿੰਦਾ ਹੈ।

# ਸਰਕਾਰ ਵਿਦੇਸ਼ੀ ਦਖ਼ਲ ਨਾਲ ਟਾਕਰਾ ਕਰਨ ਲਈ ਕੀ ਕਰ ਰਹੀ ਹੈ?

ਆਸਟ੍ਰੇਲੀਆਈ ਸਰਕਾਰ ਨੇ ਵਿਦੇਸ਼ੀ ਦਖ਼ਲ ਦੁਆਰਾ ਪੈਦਾ ਹੋਏ ਜ਼ੋਖਮਾਂ ਦਾ ਜਵਾਬ ਦੇਣ ਅਤੇ ਆਸਟ੍ਰੇਲੀਆ ਦੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਲਈ ਕਾਨੂੰਨੀ ਕਦਮ ਅਤੇ ਹੋਰ ਉਪਾਅ ਲਾਗੂ ਕੀਤੇ ਹੋਏ ਹਨ।

## ਕਾਨੂੰਨ

ਆਸਟ੍ਰੇਲੀਆਈ ਸਰਕਾਰ ਕੋਲ ਵਿਦੇਸ਼ੀ ਦਖ਼ਲਅੰਦਾਜ਼ੀ ਦੀਆਂ ਕਾਰਵਾਈਆਂ ਨੂੰ ਅਪਰਾਧ ਬਣਾਉਣ ਲਈ ਇੱਕ ਮਜ਼ਬੂਤ ਕਾਨੂੰਨੀ ਢਾਂਚਾ ਹੈ। *ਕ੍ਰਿਮੀਨਲ ਕੋਡ ਐਕਟ 1995* (ਕ੍ਰਿਮੀਨਲ ਕੋਡ) ਉਹਨਾਂ ਵਿਅਕਤੀਆਂ ਦੁਆਰਾ ਗੁਪਤ ਅਤੇ ਧੋਖਾਧੜੀ ਵਾਲੀਆਂ ਜਾਂ ਧਮਕੀ ਭਰੀਆਂ ਗਤੀਵਿਧੀਆਂ ਨੂੰ ਅਪਰਾਧ ਬਣਾਉਂਦਾ ਹੈ
ਜੋ ਇਹ ਕਰਨ ਦਾ ਇਰਾਦਾ ਰੱਖਦੇ ਹਨ:

- ਆਸਟ੍ਰੇਲੀਆ ਦੀਆਂ ਲੋਕਤੰਤਰੀ ਪ੍ਰਣਾਲੀਆਂ ਅਤੇ ਪ੍ਰਕਿਰਿਆਵਾਂ ਨੂੰ ਪ੍ਰਭਾਵਿਤ ਕਰਨ ਦਾ;
- ਲੋਕਤੰਤਰੀ ਜਾਂ ਰਾਜਨੀਤਿਕ ਅਧਿਕਾਰ ਜਾਂ ਡਿਊਟੀ ਦੀ ਵਰਤੋਂ ਨੂੰ ਪ੍ਰਭਾਵਿਤ ਕਰਨ ਦਾ;
- ਕਿਸੇ ਵਿਦੇਸ਼ੀ ਸਰਕਾਰ ਦੀਆਂ ਖੁਫ਼ੀਆਂ ਗਤੀਵਿਧੀਆਂ ਦਾ ਸਮਰਥਨ ਕਰਨ ਦਾ; ਜਾਂ
- ਆਸਟ੍ਰੇਲੀਆ ਦੀ ਰਾਸ਼ਟਰੀ ਸੁਰੱਖਿਆ ਨੂੰ ਨੁਕਸਾਨ ਪਹੁੰਚਾਉਣ ਦਾ।

ਵਿਦੇਸ਼ੀ ਦਖ਼ਲ ਨੂੰ ਕ੍ਰਿਮੀਨਲ ਕੋਡ ਦੇ ਤਹਿਤ 20 ਸਾਲ ਤੱਕ ਦੀ ਕੈਦ ਦੀ ਸਜ਼ਾ ਮਿਲ ਸਕਦੀ ਹੈ।

*ਵਿਦੇਸ਼ੀ ਬੰਦੋਬਸਤ ਯੋਜਨਾ (Foreign Arrangements Scheme*) ਇਹ ਯਕੀਨੀ ਬਣਾਉਂਦੀ ਹੈ ਕਿ ਪਬਲਿਕ ਯੂਨੀਵਰਸਿਟੀਆਂ, ਰਾਜ ਜਾਂ ਟੈਰੀਟਰੀ ਸਰਕਾਰਾਂ ਅਤੇ ਵਿਦੇਸ਼ੀ ਸੰਸਥਾਵਾਂ ਦੇ ਦਰਮਿਆਨ ਹੋਏ ਬੰਦੋਬਸਤ, ਆਸਟ੍ਰੇਲੀਆ ਦੇ ਵਿਦੇਸ਼ੀ ਸੰਬੰਧਾਂ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ ਅਤੇ ਆਸਟ੍ਰੇਲੀਆ ਦੀ ਵਿਦੇਸ਼ੀ ਨੀਤੀ ਦੇ ਨਾਲ ਇਕਸਾਰ ਹੁੰਦੇ ਹਨ। ਵਧੇਰੇ ਜਾਣਕਾਰੀ ਲਈ, ਵਿਦੇਸ਼ੀ ਬੰਦੋਬਸਤ ਵੇਖੋ।

*ਵਿਦੇਸ਼ੀ ਪ੍ਰਭਾਵ ਪਾਰਦਰਸ਼ਤਾ ਯੋਜਨਾ* (Foreign Influence Transparency Scheme), ਜੋ ਕਿ *ਵਿਦੇਸ਼ੀ ਪ੍ਰਭਾਵ ਪਾਰਦਰਸ਼ਤਾ ਯੋਜਨਾ ਐਕਟ 2018* ਦੁਆਰਾ ਬਣਾਈ ਗਈ ਸੀ, ਜਿਸ ਵਿੱਚ ਵਿਅਕਤੀਆਂ ਅਤੇ ਸੰਸਥਾਵਾਂ ਲਈ ਇਹ ਜਰੂਰੀ ਕੀਤਾ ਗਿਆ ਹੈ ਕਿ ਉਹ ਆਸਟ੍ਰੇਲੀਆ ਵਿੱਚ ਕਿਸੇ ਵਿਦੇਸ਼ੀ ਮਾਲਕ ਦੀ ਤਰਫੋਂ ਕੀਤੀਆਂ ਜਾਂਦੀਆਂ ਕੁਝ ਖ਼ਾਸ ਗਤੀਵਿਧੀਆਂ ਨੂੰ ਦਰਜ ਕਰਨ। ਇਸ ਨਾਲ ਜਨਤਾ ਨੂੰ ਆਸਟ੍ਰੇਲੀਆ ਦੀ ਸਰਕਾਰ ਅਤੇ ਰਾਜਨੀਤੀ 'ਤੇ ਵਿਦੇਸ਼ੀ ਪ੍ਰਭਾਵ ਦੀ ਕਿਸਮ, ਪੱਧਰ ਅਤੇ ਹੱਦ ਨੂੰ ਵੇਖਣ ਦਾ ਮੌਕਾ ਮਿਲਦਾ ਹੈ। ਹੋਰ ਜਾਣਕਾਰੀ ਲਈ, FITS ਵੈੱਬਪੇਜ 'ਤੇ ਜਾਓ।

ਇਹ *ਵਿਦੇਸ਼ੀ ਨਿਵੇਸ਼ ਢਾਂਚਾ (Foreign Investment Framework*), ਵਿਦੇਸ਼ੀ ਸੰਸਥਾਵਾਂ ਦੁਆਰਾ ਆਸਟ੍ਰੇਲੀਆ ਵਿੱਚ ਨਿਵੇਸ਼ ਕਰਨ ਲਈ ਕੁੱਝ ਨਿਰਧਾਰਤ ਹੱਦਾਂ ਤੋਂ ਉੱਪਰ ਦੇ ਸੁਝਾਵਾਂ ਦੀ ਸਮੀਖਿਆ ਕਰਦਾ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਿਦੇਸ਼ੀ ਨਿਵੇਸ਼ ਆਸਟ੍ਰੇਲੀਆ ਦੇ ਰਾਸ਼ਟਰੀ ਹਿੱਤ ਦੇ ਵਿਰੁੱਧ ਨਾ ਹੋਣ। ਵਧੇਰੇ ਜਾਣਕਾਰੀ ਲਈ, www.foreigninvestment.gov.au 'ਤੇ ਜਾਓ।

*ਆਸਟ੍ਰੇਲੀਆ ਦੀ ਅਤਿ-ਮਹੱਤਵਪੂਰਨ ਤਕਨਾਲੋਜੀ ਦੀ ਰੱਖਿਆ ਕਰਨ (PACT) ਵਾਲਾ ਵੀਜ਼ਾ ਸਕ੍ਰੀਨਿੰਗ ਢਾਂਚਾ* ਉਹਨਾਂ ਵੀਜ਼ਾ ਬਿਨੈਕਾਰਾਂ ਲਈ ਵਧੀਕ ਸਕ੍ਰੀਨਿੰਗ ਕਰਨ ਨੂੰ ਯਕੀਨੀ ਬਣਾਉਂਦਾ ਹੈ ਜੋ ਸੰਵੇਦਨਸ਼ੀਲ ਤਕਨਾਲੋਜੀ ਨਾਲ ਸੰਬੰਧਿਤ ਖੇਤਰਾਂ ਵਿੱਚ ਪੜ੍ਹਾਈ ਕਰਨਾ ਚਾਹੁੰਦੇ ਹਨ, ਤਾਂ ਜੋ ਆਸਟ੍ਰੇਲੀਆ ਦੇ ਸੰਸਥਾਨ ਸੰਭਾਵਿਤ ਤੌਰ 'ਤੇ ਤਕਨਾਲੋਜੀ ਦੀ ਚੋਰੀ ਜਾਂ ਨਾ-ਅਣਚਾਹੀ ਵਰਤੋਂ ਤੋਂ ਬਚੇ ਰਹਿਣ।

*ਸੰਵੇਦਨਸ਼ੀਲ ਬੁਨਿਆਦੀ ਢਾਂਚੇ ਦੀ ਸੁਰੱਖਿਆ* (Security of Critic*al Infrastructure,* SOCI) *ਐਕਟ 2018* ਉਹਨਾਂ ਲੋਕਾਂ ਲਈ ਕਾਨੂੰਨੀ ਜ਼ਿੰਮੇਵਾਰੀਆਂ ਦੀ ਰੂਪਰੇਖਾ ਦਿੰਦਾ ਹੈ ਜੋ ਸੰਵੇਦਨਸ਼ੀਲ ਬੁਨਿਆਦੀ ਢਾਂਚੇ ਦੀਆਂ ਜਾਇਦਾਦਾਂ ਦੇ ਮਾਲਕ ਹਨ, ਸੰਚਾਲਨ ਕਰਦੇ ਹਨ, ਜਾਂ ਉਨ੍ਹਾਂ ਵਿੱਚ ਸਿੱਧੇ ਹਿੱਤ ਰੱਖਦੇ ਹਨ।

## ਵਧੀਕ ਉਪਾਅ

### ਵਿਦੇਸ਼ੀ ਦਖ਼ਲ ਦਾ ਟਾਕਰਾ ਕਰਨ ਵਾਲੀ ਕਾਰਜਕਾਰੀ ਟਾਸਕਫੋਰਸ (CFI ਟਾਸਕਫੋਰਸ)

ਆਸਟ੍ਰੇਲੀਆਈ ਸੁਰੱਖਿਆ ਖੁਫ਼ੀਆਂ ਏਜੰਸੀ ਅਤੇ ਆਸਟ੍ਰੇਲੀਆਈ ਫੈਡਰਲ ਪੁਲਿਸ ਦੀ ਅਗਵਾਈ ਵਿੱਚ, CFI ਟਾਸਕਫੋਰਸ ਆਸਟ੍ਰੇਲੀਆ ਵਿੱਚ ਜਾਸੂਸੀ ਕਰਨ ਅਤੇ ਵਿਦੇਸ਼ੀ ਦਖ਼ਲ ਦੇ ਖਿਲਾਫ਼ ਕਾਰਜਕਾਰੀ ਜਵਾਬ ਦੀ ਅਗਵਾਈ ਕਰਦੀ ਹੈ ਅਤੇ ਵਿਦੇਸ਼ੀ ਦਖਲਅੰਦਾਜ਼ੀ ਦੀਆਂ ਕਾਰਵਾਈਆਂ ਨੂੰ ਪਛਾਣਨ, ਮੁਲਾਂਕਣ ਕਰਨ, ਜਾਂਚ ਕਰਨ, ਰੁਕਾਵਟ ਪਾਉਣ ਅਤੇ ਜਿੱਥੇ ਸੰਭਵ ਹੋਵੇ, ਮੁਕੱਦਮਾ ਚਲਾਉਣ ਲਈ ਕੰਮ ਕਰਦੀ ਹੈ।

### ਵਿਦੇਸ਼ੀ ਦਖ਼ਲ ਦਾ ਟਾਕਰਾ ਕਰਨ ਵਾਲਾ ਕੋਆਰਡੀਨੇਸ਼ਨ ਸੈਂਟਰ (CFICC)

ਘਰੇਲੂ ਮਾਮਲਿਆਂ ਦੇ ਵਿਭਾਗ ਵਿੱਚ, CFICC ਵਿਦੇਸ਼ੀ ਦਖ਼ਲ ਦਾ ਮੁਕਾਬਲਾ ਕਰਨ ਲਈ ਸਰਕਾਰੀ ਯਤਨਾਂ ਦਾ ਤਾਲਮੇਲ ਕਰਨ ਅਤੇ CFI ਨੀਤੀ ਅਤੇ ਹੋਰ ਏਜੰਸੀਆਂ ਦੇ ਨਾਲ ਮਿਲ ਕੇ ਆਊਟਰੀਚ 'ਤੇ ਅਗਵਾਈ ਪ੍ਰਦਾਨ ਕਰਨ ਲਈ ਰਾਸ਼ਟਰੀ ਵਿਦੇਸ਼ੀ ਦਖ਼ਲ ਦਾ ਟਾਕਰਾ ਕਰਨ ਵਾਲੇ ਕੋਆਰਡੀਨੇਟਰ ਦਾ ਸਮਰਥਨ ਕਰਦਾ ਹੈ।

### ਯੂਨੀਵਰਸਿਟੀ ਵਿੱਚ ਵਿਦੇਸ਼ੀ ਦਖ਼ਲ ਬਾਰੇ ਟਾਸਕਫੋਰਸ (UFIT)

UFIT ਯੂਨੀਵਰਸਿਟੀ ਖੇਤਰ ਅਤੇ ਆਸਟ੍ਰੇਲੀਆਈ ਸਰਕਾਰ ਦੀਆਂ ਏਜੰਸੀਆਂ ਨੂੰ ਇਕੱਠਾ ਕਰਦੀ ਹੈ ਤਾਂ ਜੋ ਉਹ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਵਿਦੇਸ਼ੀ ਦਖ਼ਲ ਦੇ ਖ਼ਤਰੇ ਨਾਲ ਨਜਿੱਠਣ ਲਈ ਸਹਿਯੋਗ ਨਾਲ ਕੰਮ ਕਰ ਸਕਣ।

### ਵਿਦੇਸ਼ੀ ਦਖ਼ਲ ਬਾਰੇ ਤਕਨਾਲੋਜੀ ਟਾਸਕਫੋਰਸ (TechFIT)

TechFIT ਤਕਨਾਲੋਜੀ ਖੇਤਰ ਅਤੇ ਆਸਟ੍ਰੇਲੀਆਈ ਸਰਕਾਰ ਦੀਆਂ ਏਜੰਸੀਆਂ ਨੂੰ ਇਕੱਠਾ ਕਰਦੀ ਹੈ ਤਾਂ ਜੋ ਉਹ ਸੰਵੇਦਨਸ਼ੀਲ ਤਕਨਾਲੋਜੀ ਖੇਤਰਾਂ ਵਿੱਚ ਵਿਦੇਸ਼ੀ ਦਖ਼ਲ ਦੇ ਖ਼ਤਰੇ ਨਾਲ ਨਜਿੱਠਣ ਲਈ ਸਹਿਯੋਗ ਨਾਲ ਕੰਮ ਕਰ ਸਕਣ।

### ਚੋਣ ਇਮਾਨਦਾਰੀ ਭਰੋਸਾ ਟਾਸਕਫੋਰਸ (EIAT)

EIAT ਆਸਟ੍ਰੇਲੀਆਈ ਚੋਣ ਕਮਿਸ਼ਨਰ ਨੂੰ ਉਨ੍ਹਾਂ ਮਾਮਲਿਆਂ ਬਾਰੇ ਜਾਣਕਾਰੀ ਅਤੇ ਸਲਾਹ ਪ੍ਰਦਾਨ ਕਰਦੀ ਹੈ ਜੋ ਆਸਟ੍ਰੇਲੀਆਈ ਫੈਡਰਲ ਚੋਣਾਂ ਦੀ ਇਮਾਨਦਾਰੀ ਨੂੰ ਪ੍ਰਭਾਵਿਤ ਕਰ ਸਕਦੇ ਹਨ, ਜਿਸ ਵਿੱਚ ਵਿਦੇਸ਼ੀ ਦਖ਼ਲਅੰਦਾਜ਼ੀ ਦੇ ਅਸਲ ਜਾਂ ਸਮਝੇ ਜਾਂਦੇ ਖ਼ਤਰੇ ਸ਼ਾਮਲ ਹਨ। ਹੋਰ ਜਾਣਕਾਰੀ ਲਈ, Electoral Integrity Assurance Taskforce (ਚੋਣ ਇਮਾਨਦਾਰੀ ਭਰੋਸਾ ਟਾਸਕਫੋਰਸ) ਵੈੱਬਪੇਜ 'ਤੇ ਜਾਓ।

### ਮੀਡੀਆ / ਡਿਜ਼ੀਟਲ ਸਾਖਰਤਾ ਪਹਿਲਕਦਮੀਆਂ

ਆਸਟ੍ਰੇਲੀਆਈ ਸਰਕਾਰ ਡਿਜ਼ੀਟਲ ਸਾਖਰਤਾ ਨੂੰ ਵਧਾਉਣ, ਜਨਤਕ ਹਿੱਤ ਵਿੱਚ ਹੋਣ ਵਾਲੀ ਪੱਤਰਕਾਰੀ ਦਾ ਸਮਰਥਨ ਕਰਨ ਅਤੇ ਮੀਡੀਆ ਵਿਭਿੰਨਤਾ ਦੀ ਰੱਖਿਆ ਕਰਨ ਵਾਲੇ ਪ੍ਰੋਗਰਾਮਾਂ ਦਾ ਸਮਰਥਨ ਕਰਦੀ ਹੈ।